ISSN: 2584-0509

(Page 150 to 166)

# ਸਭਿਆਚਾਰਕ ਅਧਿਐਨ: ਸਿਧਾਂਤਕ ਤੇ ਇਤਿਹਾਸਕ ਪਰਿਪੇਖ



ਡਾ. ਗੁਰਧਿਆਨ ਸਿੰਘ
ਅਸਿਸਟੈਂਟ ਪ੍ਰੋਫ਼ੈਸਰ,
ਪੰਜਾਬੀ ਵਿਭਾਗ
ਯੂਨੀਵਰਸਿਟੀ ਕਾਲਜ,
ਮੂਨਕ
+91 9464342352,

ਮਨੁੱਖ ਨੇ ਜਦੋਂ ਸਮੂਹਿਕ ਰੂਪ ਵਿਚ ਸਥਾਈ ਜੀਵਨ ਜਿਉਣਾ ਸ਼ੁਰੂ ਕੀਤਾ ਤਾਂ ਸਮਾਜ ਨੇ ਆਪਣੀ ਹੋਂਦ ਗ੍ਰਹਿਣ ਕੀਤੀ। ਸਮਾਜਿਕ ਜੀਵਨ ਨੂੰ ਵਧੇਰੇ ਸੌਖਾ ਬਣਾਉਣ ਲਈ ਦੂਜਿਆਂ ਨਾਲ਼ ਮਿਲਵਰਤਣ ਜ਼ਰੂਰੀ ਸੀ। ਇਸੇ ਮਿਲਵਰਤਣ ਦੀ ਭਾਵਨਾ ਨੇ ਕੁਝ ਚਿੰਨ੍ਹਾਂ/ਕੋਡਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਨੇ ਹੌਲ਼ੀ-ਹੌਲ਼ੀ ਉਸ ਸਮੂਹ ਵਿਸ਼ੇਸ਼ ਦੇ ਸਮਾਜ ਦਾ ਸਭਿਆਚਾਰ ਨਿਰਧਾਰਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਸਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ, ਜਿਵੇਂ ਜਿਵੇਂ ਕਿਸੇ ਸਮਾਜ ਦੇ ਢਾਂਚੇ ਵਿਚ ਪਰਿਵਰਤਨ ਆਉਂਦਾ ਹੈ, ਸਭਿਆਚਾਰ ਦੇ ਨਿਯਮਾਂ ਦੇ ਕਠੋਰਪਣ ਤੇ ਲਚਕੀਲੇਪਣ ਵਿਚ ਵੀ ਪਰਿਵਰਤਨ ਆਉਂਦਾ ਹੈ। ਸਭਿਆਚਾਰਕ ਕੋਡਾਂ ਦੀ ਸਿਰਜਣਾ ਇਕਦਮ ਨਹੀਂ ਹੋ ਜਾਂਦੀ ਸਗੋਂ ਇਹ ਸਮਾਜਿਕ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਦੇ ਹਨ। ਪਹਿਲਾਂ ਪਹਿਲ ਮਨੁੱਖ ਦੇ ਕੁਦਰਤੀ ਸ਼ਕਤੀਆਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਅਨੁਸਾਰ ਢਾਲਣ ਲਈ ਕੀਤੇ ਸੰਘਰਸ਼ ਵਿਚੋਂ ਸਭਿਆਚਾਰ ਦੇ ਚਿੰਨ੍ਹਾਂ ਨੇ ਹੋਂਦ ਗ੍ਰਹਿਣ ਕੀਤੀ। ਮਨੁੱਖ ਨੇ ਕੁਦਰਤੀ ਵਾਤਾਵਰਣ ਵਿਚ ਉਪਲਬਧ ਨਿਆਮਤਾਂ ਨੂੰ ਆਪਣੇ ਬਣਾਏ ਔਜ਼ਾਰਾਂ ਦੀ ਵਰਤੋਂ ਨਾਲ਼ ਆਪਣੀਆਂ ਸੁੱਖ-ਸਹੂਲਤਾਂ ਹਿੱਤ ਵਰਤਿਆ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੌਂਪਦਾ ਗਿਆ। ਨਵੀਂ ਪੀੜ੍ਹੀ ਨੇ ਆਪਣੇ ਪੂਰਵਜਾਂ ਤੋਂ ਸਿਰਫ਼ ਭੌਤਿਕ ਸੁੱਖ-ਸਹੂਲਤਾਂ ਦੇ ਸਾਧਨ ਹੀ ਪ੍ਰਾਪਤ ਨਹੀਂ ਕੀਤੇ ਸਗੋਂ ਉਨ੍ਹਾਂ ਦੇ ਮੁੱਲ ਵਿਧਾਨ ਨੂੰ ਵੀ ਪਰੰਪਰਾ ਵਿਚ ਪ੍ਰਾਪਤ ਕੀਤਾ। ਕਿਸੇ ਇਲਾਕੇ ਵਿਸ਼ੇਸ਼ ਦੇ ਕੁਦਰਤੀ ਵਾਤਾਵਰਣ ਵਿਚ ਇਨ੍ਹਾਂ ਭੌਤਿਕ ਵਸਤੂਆਂ ਅਤੇ ਮੁੱਲ ਵਿਧਾਨ ਦੇ ਸੁਮੇਲ ਤੋਂ ਜੋ ਜੀਵਨ ਜਾਚ ਹੋਂਦ ਵਿਚ ਆਉਂਦੀ ਹੈ, ਉਹ ਉਸ ਸਮਾਜ ਵਿਸ਼ੇਸ਼ ਦਾ ਸਭਿਆਚਾਰ ਅਖਵਾਉਂਦੀ ਹੈ।

1

ਪਹਿਲਾਂ ਸਭਿਆਚਾਰ ਦੇ ਅਰਥਾਂ ਨੂੰ ਸਿਰਫ਼ ਪਦਾਰਥਕ ਪਸਾਰ ਤੱਕ ਸੀਮਤ ਰੱਖਿਆ ਜਾਂਦਾ ਸੀ ਜਿਵੇਂ; ਗੀਤ-ਸੰਗੀਤ, ਪਹਿਰਾਵਾ, ਨਾਚ ਤੇ ਹੋਰ ਭੌਤਿਕ ਚੀਜ਼ਾਂ। ਪਰ ਮਾਨਵ-ਵਿਗਿਆਨ ਨੇ ਸਭਿਆਚਾਰ ਨੂੰ ਸਮਾਜਿਕ ਵਿਵਹਾਰ ਨਾਲ਼ ਜੋੜ ਕੇ ਜੀਵਨ ਜਿਉਣ ਦੇ ਸੰਪੂਰਨ ਢੰਗ ਤੇ ਜੀਵਤ ਅਨੁਭਵਾਂ ਨਾਲ਼ ਜੋੜਿਆ। ਅੰਗਰੇਜ਼ੀ ਮਾਨਵ-ਵਿਗਿਆਨੀ ਈ. ਬੀ. ਟਾਇਲਰ ਨੇ ਆਪਣੀ ਪੁਸਤਕ 'ਪ੍ਰਿੰਮੀਟਵ ਕਲਚਰ'(1871)ਵਿਚ ਸਭਿਆਚਾਰ ਨੂੰ ਪਰਿਭਾਸ਼ਤ ਕਰਦੇ ਹੋਏ ਕਿਹਾ, "ਸਭਿਆਚਾਰ ਉਹ ਜਟਿਲ ਸਮੁੱਚ ਹੈ ਜਿਸ ਵਿਚ

ਗਿਆਨ, ਵਿਸ਼ਵਾਸ, ਕਲਾ, ਨੈਤਿਕ ਕਦਰਾਂ-ਕੀਮਤਾਂ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਯੋਗਤਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ ਜੋ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"[1]

ਲੰਬੇ ਸਮੇਂ ਤੋਂ ਸਭਿਆਚਾਰ ਤੋਂ ਭਾਵ ਉੱਚ ਵਰਗ ਦੇ ਸਭਿਆਚਾਰ ਤੋਂ ਹੀ ਲਿਆ ਜਾਂਦਾ ਸੀ। ਪੂੰਜੀਪਤੀ ਵਰਗ ਦੇ ਛੋਟੇ ਜਿਹੇ ਹਿੱਸੇ ਦੇ ਸਭਿਆਚਾਰ ਨੂੰ ਹੀ ਸ਼ੁੱਧ ਸਭਿਆਚਾਰ ਮੰਨਿਆ ਜਾਂਦਾ ਸੀ। ਅਕਾਦਮਿਕ ਪੱਧਰ 'ਤੇ ਵੀ ਸਭਿਆਚਾਰ ਦੇ ਅਧਿਐਨ ਲਈ ਇਨ੍ਹਾਂ ਉੱਚ ਵਰਗਾਂ ਦੇ ਸਭਿਆਚਾਰ ਨੂੰ ਹੀ ਕੇਂਦਰ ਵਿਚ ਰੱਖ ਕੇ ਖੋਜ-ਕਾਰਜ ਕੀਤਾ ਜਾਂਦਾ ਸੀ। ਮੈਥਿਊ ਅਰਨੋਲਡ ਉਨੀਵੀਂ ਸਦੀ ਦਾ ਅੰਗਰੇਜ਼ੀ ਕਵੀ ਤੇ ਚਿੰਤਕ ਹੋਇਆ ਹੈ, ਜਿਸ ਨੇ ਸਭਿਆਚਾਰ ਬਾਰੇ ਵਿਚਾਰ ਕਰਦਿਆਂ ਕਿਹਾ ਕਿ 'ਇਹ ਸਭ ਤੋਂ ਚੰਗਾ ਹੈ ਜੋ ਸੋਚਿਆ ਤੇ ਕਿਹਾ ਗਿਆ ਹੈ।"[2] ਅਰਨੋਲਡ ਨੇ ਸਭਿਆਚਾਰ ਨੂੰ ਸੰਪੂਰਨਤਾ ਦਾ ਅਧਿਐਨ ਮੰਨਿਆ ਤੇ ਇਸ ਨੂੰ ਮਸ਼ੀਨੀ ਸਭਿਅਤਾ ਦੇ ਵਿਰੋਧ 'ਚ ਖੜਾ ਮੰਨਿਆ ਹੈ। ਲੈਵੀਸ ਨੇ ਅਰਨੋਲਡ ਦੇ ਵਿਚਾਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ "ਸਭਿਆਚਾਰ, ਸਭਿਅਤਾ ਦਾ ਉੱਚ ਬਿੰਦੂ ਹੈ ਤੇ ਪੜ੍ਹੇ-ਲਿਖੇ ਘੱਟ ਗਿਣਤੀ ਵਰਗ ਨਾਲ਼ ਸੰਬੰਧਤ ਹੈ।"[3] ਪਰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਸਭਿਆਚਾਰ ਦੇ ਸੰਕਲਪ ਵਿਚ ਬਦਲਾਵ ਆਉਣ ਲੱਗਾ ਤੇ 'ਪਾਪੂਲਰ ਸਭਿਆਚਾਰ' ਦਾ ਸੰਕਲਪ ਉਭਰਨ ਲੱਗਾ। ਇਸ ਤੋਂ ਭਾਵ ਸੀ "ਪਾਪੂਲਰ ਸਭਿਆਚਾਰ ਆਮ ਲੋਕਾਂ ਦਾ ਸਭਿਆਚਾਰ ਹੈ।"[4] ਇਸ ਸੰਕਲਪ ਦੇ ਉਭਾਰ ਵਿਚ ਉਦਯੋਗਿਕ ਕ੍ਰਾਂਤੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਦਯੋਗਿਕ ਕ੍ਰਾਂਤੀ ਦੇ ਸਿੱਟੇ ਵਜੋਂ ਆਮ ਸਧਾਰਨ ਲੋਕਾਂ ਦੇ ਜੀਵਨ ਵਿਚ ਬਦਲਾਵ ਆਉਣ ਲੱਗਾ। ਉਹ ਕਾਰਖਾਨਿਆਂ ਦੀਆਂ ਵਸਤਾਂ ਦੀ ਵਰਤੋਂ ਕਰਨ ਲੱਗੇ, ਆਵਾਜਾਈ ਕਾਰਨ ਦੂਜੇ ਇਲਾਕਿਆਂ ਨਾਲ਼ ਸੰਪਰਕ ਸੰਭਵ ਹੋਣ ਤੇ ਇਕ ਦੂਜੇ ਦੇ ਜੀਵਨ 'ਤੇ ਪ੍ਰਭਾਵ ਪਿਆ ਅਤੇ ਪੜ੍ਹਾਈ ਜੋ ਪਹਿਲਾਂ ਸਿਰਫ਼ ਅਮੀਰਾਂ ਦਾ ਅਧਿਕਾਰ ਹੀ ਸਮਝਿਆ ਜਾਂਦਾ ਸੀ ਹੁਣ ਆਮ ਲੋਕਾਂ ਦੀ ਪਹੁੰਚ ਵਿਚ ਵੀ ਆ ਗਈ। ਇਸ ਤਰ੍ਹਾਂ ਜਨ ਸਧਾਰਨ ਦੀ ਵਿਚਾਰਧਾਰਾ ਵਿਚ ਬਦਲਾਵ ਆਇਆ। ਜਨ ਸਧਾਰਨ ਵਰਗ ਜੋ ਪਹਿਲਾਂ ਧਰਤੀ ਦੀ ਉਪਜਤਾ ਤੇ ਕਿਸਾਨੀ ਜੀਵਨ ਨਾਲ਼ ਸੰਬੰਧਤ ਸੀ, ਹੁਣ ਸਾਹਿਤ, ਕਲਾ, ਸੰਗੀਤ, ਨਾਟ ਤੇ ਚਿੱਤਰਕਾਰੀ ਆਦਿ ਕਲਾਵਾਂ ਨੂੰ ਮਾਨਣ ਲੱਗਾ ਤੇ ਇਨ੍ਹਾਂ ਵਿਚ ਭਾਗੀਦਾਰੀ ਵੀ ਲੈਣ ਲੱਗਾ। ਇਸ ਤਰ੍ਹਾਂ ਜਨ ਸਧਾਰਨ ਦੀ ਜੀਵਨ ਜਾਚ ਵਿਚ ਵੱਡਾ ਫੇਰਬਦਲ ਹੋਇਆ। ਜਦੋਂ ਸਮਾਜ ਦੇ ਇਕ ਵੱਡੇ ਵਰਗ ਦੀ ਜੀਵਨ ਜਾਚ ਇਕੋ ਜਿਹੇ ਨਮੂਨੇ ਦੀ ਧਾਰਨੀ ਬਣੀ ਤਾਂ 'ਮਾਸ

ਕਲਚਰ' ਦਾ ਸੰਕਲਪ ਸਾਹਮਣੇ ਆਇਆ। ਇਸੇ 'ਮਾਸ ਕਲਚਰ' ਦੇ ਮਹੱਤਵਪੂਰਨ ਪੱਖ ਜਿਵੇਂ ਸੰਗੀਤ, ਸਿਨੇਮਾ, ਤੇ ਲੋਕਪ੍ਰਿਯ ਸਾਹਿਤ 'ਚੋਂ 'ਪਾਪੂਲਰ ਸਭਿਆਚਾਰ' ਦਾ ਸੰਕਲਪ ਨਿਕਲਿਆ। ਸਭਿਆਚਾਰਕ ਅਧਿਐਨ ਇਸੇ 'ਮਾਸ ਕਲਚਰ' ਤੇ 'ਪਾਪੂਲਰ ਕਲਚਰ' ਦੇ ਸੰਕਲਪ ਨੂੰ ਅਧਾਰ ਬਣਾਉਂਦਾ ਹੈ।

2

ਸਭਿਆਚਾਰਕ ਅਧਿਐਨ ਇਕ ਅੰਤਰ-ਅਨੁਸ਼ਾਸਨੀ ਵਰਤਾਰਾ ਹੈ। ਇਸ ਦਾ ਵਿਸ਼ਾ ਖੇਤਰ ਪ੍ਰਤੱਖ ਘੇਰਾ ਨਹੀਂ ਰੱਖਦਾ ਸਗੋਂ ਇਹ ਵੱਖ-ਵੱਖ ਖੇਤਰਾਂ ਸਮਾਜਿਕ ਵਿਗਿਆਨ, ਮਾਨਵ ਵਿਗਿਆਨ, ਰਾਜਨੀਤਕ ਵਿਗਿਆਨ ਅਤੇ ਇਤਿਹਾਸ ਆਦਿ ਤੋਂ ਵਿਸ਼ਾ ਪ੍ਰਾਪਤ ਕਰਦਾ ਹੈ। ਜਿਆਜੁਦਿਨ ਸਰਦਾਰ ਅਤੇ ਬੋਰਿਨ ਵੈਨ ਲੂਨ ਨੇ ਸਭਿਆਚਾਰਕ ਅਧਿਐਨ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ "ਸਭਿਆਚਾਰਕ ਅਧਿਐਨ, ਅਧਿਐਨ ਦਾ ਇਕ ਦਿਲਚਸਪ ਅਤੇ ਸਰਗਰਮ ਖੇਤਰ ਹੈ। ਇਹ ਹਰ ਪ੍ਰਕਾਰ ਦੇ ਅਗਾਂਹਵਧੂ ਲੋਕਾਂ ਵਿਚ ਰੋਹ ਬਣ ਗਿਆ ਹੈ, ਕਿਉਂਕਿ ਸਭਿਆਚਾਰ ਨੇ ਅਧਿਐਨ ਦੇ ਇਕ ਵਿਸ਼ੇ ਦੇ ਤੌਰ 'ਤੇ ਅਗਾਂਹਵਧੂ ਲੋਕਾਂ ਵਿਚ ਆਮ ਪੁੱਛ-ਗਿੱਛ ਦੇ ਵਿਸ਼ੇ ਵਜੋਂ ਸਮਾਜ ਨੂੰ ਬਦਲ ਦਿੱਤਾ ਹੈ। ਸਭਿਆਚਾਰਕ ਅਧਿਐਨਾਂ ਨੇ ਕਲਾ, ਮਾਨਵ ਵਿਗਿਆਨ, ਸਮਾਜ ਵਿਗਿਆਨ ਅਤੇ ਇੱਥੋਂ ਤੱਕ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਅੰਦਰ ਅਕਾਦਮਿਕ ਕਾਰਜਾਂ ਵਿਚ ਆਪਣੀ ਮੌਜੂਦਗੀ ਨੂੰ ਮਹਿਸੂਸ ਕੀਤਾ ਹੈ। ਇਹ ਹਰ ਜਗ੍ਹਾ ਦਿਖਾਈ ਦਿੰਦਾ ਹੈ ਅਤੇ ਹਰ ਕੋਈ ਇਸ ਬਾਰੇ ਗੱਲ ਕਰਦਾ ਪ੍ਰਤੀਤ ਹੁੰਦਾ ਹੈ।"[5] ਉਸ ਨੇ ਮੰਨਿਆ ਹੈ ਕਿ ਸਭਿਆਚਾਰਕ ਅਧਿਐਨ ਇਕ ਅਜਿਹੇ ਵਿਸ਼ੇ ਵਜੋਂ ਉੱਭਰਿਆ ਹੈ ਜਿਸ ਨੇ ਅਧਿਐਨ ਬਿੰਦੂਆਂ ਨੂੰ ਸਮਾਜ ਤੋਂ ਬਦਲ ਕੇ ਸਭਿਆਚਾਰ ਤੱਕ ਵਧਾਵਾ ਦਿੱਤਾ ਹੈ। ਅੰਤਰ-ਅਨੁਸ਼ਾਸਨੀ ਪਹੁੰਚ ਵਜੋਂ ਸਭਿਆਚਾਰਕ ਅਧਿਐਨਾਂ ਨੇ ਅਧਿਐਨ ਪੱਧਤੀਆਂ ਦੇ ਸਾਰੇ ਖੇਤਰਾਂ ਵਿਚ ਆਪਣੀ ਹਾਜ਼ਰੀ ਲਗਵਾਈ ਹੈ ਭਾਵੇਂ ਵਿਸ਼ੇ ਖੇਤਰ ਦੀ ਵਿਸ਼ਾਲਤਾ ਕਾਰਨ ਸਭਿਆਚਾਰਕ ਅਧਿਐਨ ਨੂੰ ਪਰਿਭਾਸ਼ਤ ਕਰਨਾ ਕਠਿਨ ਕਾਰਜ ਹੈ ਪਰ ਫਿਰ ਵੀ ਸਭਿਆਚਾਰਕ ਅਧਿਐਨ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ ਜੋ ਇਸ ਦੇ ਉਦੇਸ਼ਾਂ ਨੂੰ ਨਿਰਧਾਰਤ ਕਰਦੀਆਂ ਹਨ।

- "ਸਭਿਆਚਾਰਕ ਅਧਿਐਨ ਦਾ ਉਦੇਸ਼ ਇਸ ਦੇ ਵਿਸ਼ਾ ਵਸਤੂ ਨੂੰ ਸਭਿਆਚਾਰਕ ਅਭਿਆਸਾਂ ਅਤੇ ਉਨ੍ਹਾਂ ਦੇ ਸ਼ਕਤੀ ਦੇ ਸੰਬੰਧ ਦੇ ਅਧਾਰ 'ਤੇ ਪਰਖਣਾ ਹੈ। ਇਸ ਦਾ ਨਿਰੰਤਰ

ਟੀਚਾ ਸ਼ਕਤੀ ਸੰਬੰਧਾਂ ਨੂੰ ਜ਼ਾਹਰ ਕਰਕੇ ਉਨ੍ਹਾਂ ਦੀ ਜਾਂਚ ਕਰਨਾ ਹੈ ਕਿ ਇਹ ਸੰਬੰਧ ਕਿਵੇਂ ਸਭਿਆਚਾਰਕ ਅਭਿਆਸਾਂ ਨੂੰ ਪ੍ਰਭਾਵਤ ਕਰਦੇ ਤੇ ਇਸ ਨੂੰ ਰੂਪ ਦਿੰਦੇ ਹਨ।

• ਸਭਿਆਚਾਰਕ ਅਧਿਐਨ ਸਿਰਫ਼ ਸਭਿਆਚਾਰ ਦਾ ਹੀ ਅਧਿਐਨ ਨਹੀਂ ਹੁੰਦਾ ਜਿਵੇਂ ਕਿ ਸਭਿਆਚਾਰ ਇਕ ਵੱਖਰੀ ਹਸਤੀ ਹੋਵੇ ਜੋ ਇਸ ਦੇ ਸਮਾਜਿਕ ਤੇ ਰਾਜਨੀਤਕ ਪ੍ਰਸੰਗ ਤੋਂ ਵੱਖ ਹੋ ਗਈ ਹੋਵੇ ਸਗੋਂ ਇਸ ਦਾ ਉਦੇਸ਼ ਸਭਿਆਚਾਰਾਂ ਨੂੰ ਇਸ ਦੇ ਗੁੰਝਲਦਾਰ ਰੂਪਾਂ ਵਿਚ ਸਮਝਣਾ ਅਤੇ ਇਸ ਦੇ ਸਮਾਜਿਕ ਅਤੇ ਰਾਜਨੀਤਕ ਪ੍ਰਸੰਗ ਦਾ ਵਿਸ਼ਲੇਸ਼ਣ ਕਰਨਾ ਹੈ, ਜਿਸ ਦੇ ਅੰਦਰ ਇਹ ਪ੍ਰਗਟ ਹੁੰਦਾ ਹੈ।

• ਸਭਿਆਚਾਰਕ ਅਧਿਐਨ ਵਿਚ ਸਭਿਆਚਾਰ ਹਮੇਸ਼ਾਂ ਦੋ ਕਾਰਜ ਕਰਦਾ ਹੈ: ਇਹ ਅਧਿਐਨ ਦਾ ਵਿਸ਼ਾ ਅਤੇ ਰਾਜਨੀਤਕ ਆਲੋਚਨਾ ਤੇ ਕਾਰਜ ਦਾ ਸਥਾਨ ਦੋਵੇਂ ਹੈ। ਸਭਿਆਚਾਰਕ ਅਧਿਐਨ ਦਾ ਉਦੇਸ਼ ਬੌਧਿਕ ਅਤੇ ਵਿਹਾਰਕ ਉੱਦਮ ਦੋਵੇਂ ਹੋਣਾ ਹੈ।

• ਸਭਿਆਚਾਰਕ ਅਧਿਐਨ ਆਧੁਨਿਕ ਸਮਾਜ ਦੇ ਨੈਤਿਕ ਮੁਲਾਂਕਣ ਅਤੇ ਰਾਜਨੀਤਕ ਕਾਰਜਾਂ ਦੀ ਬੁਨਿਆਦੀ ਰੇਖਾ ਪ੍ਰਤੀ ਵਚਨਬੱਧ ਹੈ। ਸਭਿਆਚਾਰਕ ਅਧਿਐਨ ਦੀ ਪਰੰਪਰਾ ਮਹੱਤਵਪੂਰਨ ਗਿਆਨ ਦੀ ਨਹੀਂ ਬਲਕਿ ਰਾਜਨੀਤਕ ਸ਼ਮੂਲੀਅਤ ਕਰਕੇ ਸਮਾਜਿਕ ਪੁਨਰ ਨਿਰਮਾਣ ਲਈ ਵਚਨਬੱਧ ਹੈ। ਇਸ ਤਰ੍ਹਾਂ ਸਭਿਆਚਾਰਕ ਅਧਿਐਨਾਂ ਦਾ ਉਦੇਸ਼ ਹਰ ਜਗ੍ਹਾ ਪਰ ਵਿਸ਼ੇਸ਼ ਤੌਰ 'ਤੇ ਪੂੰਜੀਵਾਦੀ ਸਮਾਜਾਂ ਵਿਚ ਦਬਦਬੇ ਦੇ ਢਾਂਚਿਆਂ ਨੂੰ ਸਮਝਣਾ ਤੇ ਬਦਲਣਾ ਹੈ।"[6]

ਸਭਿਆਚਾਰਕ ਅਧਿਐਨ ਦੀਆਂ ਉਪਰੋਕਤ ਦਰਸਾਈਆਂ ਵਿਸ਼ੇਸ਼ਤਾਵਾਂ ਇਸ ਦੇ ਕਾਰਜ ਖੇਤਰ ਦੀ ਵਿਸ਼ਾਲਤਾ ਦੀ ਥਾਹ ਪਾਉਂਦੀਆਂ ਹਨ। ਸਭਿਆਚਾਰਕ ਅਧਿਐਨ ਸਮਾਜ ਵਿਸ਼ੇਸ਼ ਦੇ ਸ਼ਕਤੀ ਸੰਬੰਧਾਂ ਨੂੰ ਪਰਖਣ ਦੇ ਨਾਲ਼-ਨਾਲ਼ ਉਸ ਸਮਾਜ ਦੇ ਰਾਜਨੀਤਕ, ਸਮਾਜਿਕ ਤੇ ਨੈਤਿਕ ਮੁਲਾਂਕਣ ਰਾਹੀਂ ਸਮਾਜਿਕ ਪੁਨਰ-ਨਿਰਮਾਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ।

ਸਭਿਆਚਾਰਕ ਅਧਿਐਨਾਂ ਬਾਰੇ ਬੈਨੇਟ ਦਾ ਮੰਨਣਾ ਹੈ, "ਸਭਿਆਚਾਰਕ ਅਧਿਐਨ ਉਹਨਾਂ ਅਭਿਆਸਾਂ, ਸੰਸਥਾਵਾਂ ਅਤੇ ਵਰਗੀਕਰਨ ਦੀਆਂ ਪ੍ਰਣਾਲੀਆਂ ਨਾਲ਼ ਸੰਬੰਧਤ ਹੈ ਜਿਸ ਦੁਆਰਾ ਆਬਾਦੀ ਵਿਚ ਵਿਸ਼ੇਸ਼ ਮੁੱਲ, ਵਿਸ਼ਵਾਸ, ਯੋਗਤਾ, ਜੀਵਨ ਜਾਚ ਦੀਆਂ ਆਦਤਾਂ ਅਤੇ ਆਚਰਨ ਦੇ ਤਰੀਕੇ ਸ਼ਾਮਲ ਕੀਤੇ ਜਾਂਦੇ ਹਨ।"[7] ਸਭਿਆਚਾਰਕ ਅਧਿਐਨ ਆਬਾਦੀ ਵਿਚ ਭਰੇ ਜਾਂਦੇ ਵਿਸ਼ੇਸ਼ ਮੁੱਲਾਂ ਤੇ ਵਿਸ਼ਵਾਸਾਂ ਦੀਆਂ ਵਿਧੀਆਂ, ਪ੍ਰਣਾਲੀਆਂ ਤੇ

ਸੰਸਥਾਵਾਂ ਨੂੰ ਅਧਿਐਨ ਦਾ ਵਿਸ਼ਾ ਬਣਾ ਕੇ ਇਨ੍ਹਾਂ ਦੇ ਸਭਿਆਚਾਰ ਨਾਲ ਸ਼ਕਤੀ ਸੰਬੰਧਾਂ ਨੂੰ ਖੋਲ੍ਹਦਾ ਹੈ ਤੇ ਇਹ ਦੱਸਦਾ ਹੈ ਕਿ ਇਹ ਸੰਸਥਾਵਾਂ ਜਾਂ ਵਿਧੀਆਂ ਜੋ ਵਿਸ਼ੇਸ਼ ਪ੍ਰਕਾਰ ਦੇ ਮੁੱਲਾਂ ਦਾ ਪ੍ਰਸਾਰਨ ਕਰਦੀਆਂ ਹਨ, ਕਿਵੇਂ ਕੰਮ ਕਰਦੀਆਂ ਹਨ। ਇਨ੍ਹਾਂ ਦੇ ਵਿਚਾਰਧਾਰਕ ਪ੍ਰਕਾਰਜ ਕੀ ਹਨ।

ਸਭਿਆਚਾਰਕ ਅਧਿਐਨ ਸਿਰਫ਼ ਸਭਿਆਚਾਰ ਦਾ ਹੀ ਅਧਿਐਨ ਨਹੀਂ ਹੈ ਸਗੋਂ ਇਹ ਸਭਿਆਚਾਰ ਦੇ ਅੰਦਰ ਕੰਮ ਕਰਦੇ ਅਰਥਾਂ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਕਿਸੇ ਸਮਾਜ ਵਿਸ਼ੇਸ਼ ਦੇ ਸਭਿਆਚਾਰ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਪਿੱਛੇ ਕਾਰਜਸ਼ੀਲ ਅਰਥਾਂ ਭਾਵ ਅਰਥ ਪੈਦਾ ਕਿਵੇਂ ਹੁੰਦੇ ਹਨ? ਇਸ ਦੇ ਸ਼ਕਤੀ ਨਾਲ ਕੀ ਸੰਬੰਧ ਹਨ? ਅਰਥ ਦੇ ਵਿਚਾਰਧਾਰਕ ਪ੍ਰਕਾਰਜ ਕੀ ਹਨ? ਆਦਿ ਵਿਸ਼ਿਆਂ ਨੂੰ ਸਭਿਆਚਾਰਕ ਅਧਿਐਨ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਸਭਿਆਚਾਰਕ ਅਧਿਐਨ ਇਕ ਅਜਿਹਾ ਅੰਤਰ-ਅਨੁਸ਼ਾਸਨੀ ਖੇਤਰ ਹੈ ਜਿਸ ਵਿਚ ਸਭਿਆਚਾਰ ਅਤੇ ਸ਼ਕਤੀ ਦੇ ਸੰਬੰਧਾਂ ਦੀ ਜਾਂਚ ਕਰਨ ਲਈ ਵੱਖ ਵੱਖ ਵਿਸ਼ਿਆਂ, ਪ੍ਰਵਚਨ, ਵਿਚਾਰਧਾਰਾ, ਪਛਾਣ, ਪਾਪੂਲਰ ਸਭਿਆਚਾਰ ਆਦਿ ਨੂੰ ਮਾਨਵ ਵਿਗਿਆਨ, ਸਮਾਜ ਵਿਗਿਆਨ, ਇਤਿਹਾਸ ਆਦਿ ਦੇ ਪ੍ਰਸੰਗ ਵਿਚ ਸਮਝਿਆ ਜਾਂਦਾ ਹੈ। ਸਮੁੱਚੇ ਰੂਪ ਵਿਚ ਸਭਿਆਚਾਰਕ ਅਧਿਐਨ ਸਭਿਆਚਾਰ ਨੂੰ ਇਕ ਅੰਤਰ-ਅਨੁਸ਼ਾਸਨੀ ਵਰਤਾਰੇ ਦੇ ਰੂਪ ਵਿਚ ਸਮਝਣ ਦਾ ਅਧਿਐਨ ਹੈ। ਸਭਿਆਚਾਰਕ ਅਧਿਐਨ ਦਾ ਇਕ ਅਜਿਹਾ ਖੇਤਰ ਹੈ ਜੋ ਸਭਿਆਚਾਰਕ ਉਤਪਾਦ (product) ਨੂੰ ਇਕ ਸਭਿਆਚਾਰਕ ਪੜ੍ਹਤ (text) ਵਜੋਂ ਵਰਤਦਿਆਂ ਵੱਖ-ਵੱਖ ਅਧਿਐਨ ਵਿਧੀਆਂ ਰਾਹੀਂ ਸਮਝਣ ਦਾ ਯਤਨ ਕਰਦਾ ਹੈ।

**3**

ਭਾਵੇਂ ਸਭਿਆਚਾਰ ਬਾਰੇ ਲੰਬੇ ਸਮੇਂ ਤੋਂ ਖੋਜ-ਕਾਰਜ ਚਲ ਰਿਹਾ ਸੀ ਪਰ ਇਸ ਬਾਰੇ ਸਿਧਾਂਤਕ ਖੋਜ ਕਾਰਜ ਬਰਮਿੰਘਮ ਸਕੂਲ ਦੇ ਹੋਂਦ ਵਿਚ ਆਉਣ ਨਾਲ ਹੀ ਹੋਇਆ। ਉਸ ਨੇ "1964 ਵਿਚ ਬਰਮਿੰਘਮ ਯੂਨੀਵਰਸਿਟੀ ਵਿਚ ਪੋਸਟ ਗ੍ਰੈਜੂਏਟ ਰਿਸਰਚ ਸੈਂਟਰ ਦੇ ਤੌਰ 'ਤੇ ਸੈਂਟਰ ਫਾਰ ਕੰਟਮਪਰੇਰੀ ਕਲਚਰਲ ਸਟੱਡੀਜ਼' (CCCS) ਦੀ ਸਥਾਪਨਾ ਕੀਤੀ। ਇਸ ਸੈਂਟਰ ਦੀ ਖੋਜ ਦੇ ਖੇਤਰ ਸਮਕਾਲੀ ਸਭਿਆਚਾਰ ਅਤੇ ਸਮਾਜ : ਸਭਿਆਚਾਰਕ ਰੂਪ ਅਭਿਆਸਾਂ ਤੇ ਸੰਸਥਾਵਾਂ, ਸਮਾਜ ਤੇ ਸਮਾਜਿਕ ਤਬਦੀਲੀ ਨਾਲ ਸੰਬੰਧਤ ਸੀ।"[9] ਇਸ ਸੈਂਟਰ ਦੇ ਵਿਦਿਆਰਥੀਆਂ ਨੇ ਪਹਿਲੀ ਵਾਰ ਸਭਿਆਚਾਰ ਨੂੰ ਕੇਂਦਰ

ਵਿਚ ਰੱਖ ਕੇ ਮੌਜੂਦਾ ਰਾਜਨੀਤੀ ਦੇ ਕਾਰਜਾਂ ਦਾ ਵਿਸ਼ਲੇਸ਼ਣ ਕੀਤਾ। ਇਸ ਖੋਜ-ਕਾਰਜ ਵਿੱਚੋਂ ਸਭਿਆਚਾਰ ਦੀ ਸਮਾਜਿਕ ਤੇ ਰਾਜਨੀਤਕ ਜੀਵਨ ਵਿਚ ਭੂਮਿਕਾ ਸੰਬੰਧੀ ਅਹਿਮ ਪੱਖ ਉਭਰੇ, ਜਿਨ੍ਹਾਂ ਵਿਚ ਸਭਿਆਚਾਰ ਕਿਵੇਂ ਹੋਂਦ ਗ੍ਰਹਿਣ ਕਰਦਾ ਹੈ ਜਾਂ ਸਭਿਆਚਾਰਕ ਦਬਦਬਾ ਕਿਵੇਂ ਬਣਾਇਆ ਜਾਂਦਾ ਹੈ ਆਦਿ ਪ੍ਰਸ਼ਨ ਨਿਕਲੇ। ਇਨ੍ਹਾਂ ਪ੍ਰਸ਼ਨਾਂ ਦੁਆਰਾ ਮੌਜੂਦਾ ਰਾਜਨੀਤੀ ਨੂੰ ਸਮਝਿਆ ਜਾ ਸਕਦਾ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬ੍ਰਿਟੇਨ ਉੱਤੇ ਅਮਰੀਕੀ ਸਭਿਆਚਾਰ ਜਨਤਕ ਚੇਤਨਾ ਦੇ ਅੰਗ ਵਜੋਂ ਆਪਣਾ ਦਬਦਬਾ ਬਣਾ ਰਿਹਾ ਸੀ ਤੇ ਉੱਚ ਸਭਿਆਚਾਰ ਦੇ ਵਿਰੁੱਧ ਪਾਪੂਲਰ ਸਭਿਆਚਾਰ ਦਾ ਸੰਕਲਪ ਉੱਭਰ ਰਿਹਾ ਸੀ।
ਜਿਵੇਂ ਹੀ ਪਾਪੂਲਰ ਸਭਿਆਚਾਰ ਦਾ ਸੰਕਲਪ ਸਾਹਮਣੇ ਆਇਆ, ਸਭਿਆਚਾਰ ਨੂੰ ਉੱਚ ਵਰਗ ਤੱਕ ਸੀਮਤ ਰੱਖਣ ਵਾਲੇ ਚਿੰਤਕ ਨੇ ਇਸ ਦੀ ਆਲੋਚਨਾ ਵੀ ਕੀਤੀ। ਵਿਦਵਾਨਾਂ ਨੇ ਇਸ 'ਮਾਸ ਕਲਚਰ' ਤੇ ਪਾਪੂਲਰ ਕਲਚਰ' ਨੂੰ ਮਾਨਤਾ ਦੇਣ ਵਿਚ ਔਖ ਮਹਿਸੂਸ ਕੀਤੀ। "ਟੀ.ਐਸ ਈਲੀਅਟ, ਨਿਤਸ਼ੇ, ਅਡਾਰਨੋ, ਲੈਵੀਸ ਆਦਿ ਲੇਖਕ ਆਪਣੇ-ਆਪਣੇ ਤਰੀਕੇ ਨਾਲ਼ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਉੱਚ ਕਲਚਰ ਜਦੋਂ ਮਾਸ ਕਲਚਰ ਵਿਚ ਤਬਦੀਲ ਹੁੰਦਾ ਹੈ ਤਾਂ ਇਸ ਦੇ ਮਿਆਰ ਵਿਚ ਗਿਰਾਵਟ ਆਉਂਦੀ ਹੈ।"[10] 'ਪਾਪੂਲਰ ਸਭਿਆਚਾਰ' ਨੂੰ ਪਹਿਲੀ ਵਾਰ ਮਾਨਤਾ ਬਰਮਿੰਘਮ ਸਕੂਲ ਦੇ ਵਿਦਿਆਰਥੀਆਂ ਦੇ ਕੰਮਾਂ ਨਾਲ਼ ਪ੍ਰਾਪਤ ਹੋਈ। ਉਨ੍ਹਾਂ ਦਾ ਇਹ ਨਜ਼ਰੀਆ ਤਿਆਰ ਕਰਨ ਵਿਚ ਰਿਚਰਡ ਹੌਗਰਟ ਤੇ ਰੇਮੰਡ ਵਿਲੀਅਮ ਦਾ ਮਹੱਤਵਪੂਰਨ ਯੋਗਦਾਨ ਸੀ। ਹੌਗਰਟ ਤੇ ਵਿਲੀਅਮ ਮੱਧਵਰਗੀ ਕਿਰਤੀ ਸ਼੍ਰੇਣੀ ਦੇ ਬੁੱਧੀਜੀਵੀ ਸਨ। ਉਨ੍ਹਾਂ ਨੇ 'ਉੱਚ ਸ਼੍ਰੇਣੀ' ਦੇ ਪ੍ਰਮਾਣਿਤ ਸਭਿਆਚਾਰ ਦੇ ਵਿਰੁੱਧ ਆਮ ਲੋਕਾਂ ਦੇ ਸਭਿਅਚਾਰ ਦੀ ਹਿਮਾਇਤ ਕਰਦਿਆਂ ਮਜ਼ਦੂਰ ਜਮਾਤ ਦੇ ਸਭਿਆਚਾਰ ਨੂੰ ਪਾਪੂਲਰ ਸਭਿਆਚਾਰ ਬਣਾਉਣ ਵਿਚ ਯੋਗਦਾਨ ਦਿੱਤਾ। ਰੇਮੰਡ ਵਿਲੀਅਮ ਦਾ ਮੰਨਣਾ ਹੈ ਕਿ ਸਭਿਆਚਾਰ ਸਿਰਫ਼ ਉੱਚ ਸ਼੍ਰੇਣੀ ਦਾ ਸਭਿਆਚਾਰ ਹੀ ਨਹੀਂ ਹੈ ਸਗੋਂ ਇਸ ਵਿਚ ਰੋਜ਼ਾਨਾ ਜੀਵਨ ਦੇ ਅਨੁਭਵ ਤੇ ਗਤੀਵਿਧੀਆਂ ਵੀ ਸ਼ਾਮਲ ਹਨ।
ਰਿਚਰਡ ਹੌਗਰਟ ਨੇ ਸਭਿਆਚਾਰਕ ਅਧਿਐਨ ਨੂੰ ਮਾਨਵ ਸ਼ਾਸਤਰੀ ਤੇ ਇਤਿਹਾਸਕ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਹੈ। ਹੌਗਰਟ ਦੀ ਪ੍ਰਸਿੱਧ ਪੁਸਤਕ 'The Uses of Literacy (1957)' ਸਭਿਆਚਾਰਕ ਅਧਿਐਨ ਨੂੰ ਪਹਿਲੀ ਵਾਰ ਬੌਧਿਕ ਪੱਧਰ 'ਤੇ ਸਥਾਪਿਤ ਕਰਨ ਵਾਲੀ ਅਹਿਮ ਪੁਸਤਕ ਹੈ। ਹੌਗਰਟ ਨੇ ਮਜ਼ਦੂਰ ਜਮਾਤ ਦੇ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ, ਉਨ੍ਹਾਂ ਦੀਆਂ ਰੁਚੀਆਂ, ਨੂੰ ਸਭਿਆਚਾਰ ਦੇ ਕੇਂਦਰ ਵਿਚ ਰੱਖ

ਕੇ ਸਭਿਆਚਾਰਕ ਅਧਿਐਨ ਨੂੰ ਨਵੀਂ ਪਹੁੰਚ ਨਾਲ਼ ਜੋੜਿਆ। ਉਸ ਨੇ ਇਹ ਦੱਸਿਆ ਕਿ ਬ੍ਰਿਟੇਨ ਦੇ ਯੁੱਧ ਤੋਂ ਬਾਅਦ ਉੱਥੋਂ ਦੀ 'ਮਜ਼ਦੂਰ ਜਮਾਤ' ਦੇ ਰੋਜ਼ਾਨਾ ਜੀਵਨ ਵਿਚ ਕਿਵੇਂ ਪਰਿਵਰਤਨ ਆਏ। ਉਸ ਦਾ ਮੰਨਣਾ ਸੀ ਕਿ ਕਿਸੇ ਵੀ ਸਮਾਜ ਨੂੰ ਸਮਝਣ ਲਈ ਸਭਿਆਚਾਰ ਇਕ ਮਹੱਤਵਪੂਰਨ ਸ਼੍ਰੇਣੀ ਹੈ ਜੋ ਸਾਨੂੰ ਰੋਜ਼ਾਨਾ ਜੀਵਨ ਦੇ ਅਨੁਭਵਾਂ ਨੂੰ ਸਮਝਣ ਵਿਚ ਅਹਿਮ ਯੋਗਦਾਨ ਦਿੰਦੀ ਹੈ। ਉਸ ਤੋਂ ਪਹਿਲਾਂ ਸਭਿਆਚਾਰ ਨੂੰ ਸਮੂਹਿਕ ਰੂਪ ਵਿਚ ਸਮਝਿਆ ਜਾਂਦਾ ਸੀ ਪਰ ਹੋਗਰਟ ਨੇ ਸਭਿਆਚਾਰ ਨੂੰ ਵਿਅਕਤੀਗਤ ਅਨੁਭਵਾਂ ਰਾਹੀਂ ਸਮਝਣ ਦੀ ਸਫ਼ਲ ਕੋਸ਼ਿਸ਼ ਕੀਤੀ।

ਸਭਿਆਚਾਰ ਸੰਬਧੀ ਮੁੱਢਲੇ ਕੰਮਾਂ ਵਿਚ ਰੇਮੰਡ ਵਿਲੀਅਮ ਦੀਆਂ ਪੁਸਤਕਾਂ 'Culture and Society' (1958), 'The Long Revolution' (1961), ਸਭਿਆਚਾਰ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੀਆਂ ਹਨ। ਰੇਮੰਡ ਵਿਲੀਅਮ ਅਨੁਸਾਰ "ਸਭਿਆਚਾਰ ਆਮ ਹੈ ਅਤੇ ਵਧੇਰੇ ਮਸ਼ਹੂਰ ਰੂਪ ਵਿਚ ਇਕ ਸਭਿਆਚਾਰ ਨਾ ਸਿਰਫ਼ ਬੌਧਿਕ ਅਤੇ ਕਲਪਨਾਤਮਕ ਕਾਰਜਾਂ ਦਾ ਇਕ ਢਾਂਚਾ/ਸੰਗਠਨ ਹੁੰਦਾ ਹੈ, ਇਹ ਲਾਜ਼ਮੀ ਤੌਰ 'ਤੇ ਜੀਵਨ ਜਾਚ ਦਾ ਸਮੁੱਚਾ ਢੰਗ ਵੀ ਹੁੰਦਾ ਹੈ।"[11] ਉਸ ਨੇ ਸਭਿਆਚਾਰ ਨੂੰ ਜੀਵਨ ਜਿਉਣ ਦਾ ਸੰਪੂਰਨ ਢੰਗ ਮੰਨਿਆ, ਜਿਸ ਵਿਚ ਪਦਾਰਥਕ, ਬੌਧਿਕ ਤੇ ਅਧਿਆਤਮਕ ਸਭ ਪੱਖ ਸ਼ਾਮਲ ਹਨ। ਉਹ ਇਨ੍ਹਾਂ ਸਾਰੇ ਪੱਖਾਂ ਨੂੰ ਵੱਖ-ਵੱਖ ਇਤਿਹਾਸਕ ਪਰਿਸਥਿਤੀਆਂ ਵਿਚ ਰੱਖ ਕੇ ਸਭਿਆਚਾਰ ਨੂੰ ਸੰਪੂਰਨ ਰੂਪ ਵਿਚ ਸਮਝਣ ਦਾ ਯਤਨ ਕਰਦਾ ਹੈ।

ਵਿਲੀਅਮਜ਼ ਦਾ ਮੰਨਣਾ ਹੈ ਕਿ "ਸਾਡੇ ਜੀਵਨ ਦਾ ਸਾਰਾ ਢੰਗ ਜਿਸ ਵਿਚ ਸਮਾਜ ਦੀ ਬਣਤਰ ਤੋਂ ਲੈ ਕੇ ਸੰਸਥਾਵਾਂ, ਸਿੱਖਿਆ, ਸਿੱਖਿਆ ਸਮੱਗਰੀ, ਪਰਿਵਾਰ ਦੀ ਬਣਤਰ, ਕਲਾ ਤੇ ਮਨੋਰੰਜਨ ਦੀ ਸਥਿਤੀ ਆਦਿ ਉਦਯੋਗੀਕਰਨ ਤੇ ਲੋਕਤੰਤਰ ਦੇ ਪਰਸਪਰ ਪ੍ਰਭਾਵ ਸਦਕਾ ਹੋਈ ਤਰੱਕੀ ਤੋਂ ਪ੍ਰਭਾਵਿਤ ਹੋ ਰਿਹਾ ਹੈ। ਇਹ ਸਭਿਆਚਾਰਕ ਉੱਥਲ-ਪੁੱਥਲ ਸਾਡੇ ਸਜੀਵ ਅਨੁਭਵਾਂ ਦਾ ਇਕ ਵੱਡਾ ਹਿੱਸਾ ਹੈ ਅਤੇ ਇਸ ਦੀ ਕਲਾ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਯਕੀਨਨ ਵਧੇਰੇ ਗੁੰਝਲਦਾਰ ਤਰੀਕਿਆਂ ਨਾਲ਼ ਵਿਆਖਿਆ ਕੀਤੀ ਜਾ ਰਹੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਅਸੀਂ ਅਜਿਹੇ ਬਦਲਾਵਾਂ ਨੂੰ ਰਾਜਨੀਤਕ, ਆਰਥਿਕ ਤੇ ਸੰਚਾਰ ਦੇ ਪੱਧਰਾਂ ਨਾਲ਼ ਜੋੜ ਕੇ ਦੇਖਦੇ ਹਾਂ।"[12] ਉਸ ਨੇ ਸਭਿਆਚਾਰ ਨੂੰ ਇਕ ਆਮ ਵਰਤਾਰਾ ਮੰਨਦੇ ਹੋਏ ਇਸ ਨੂੰ ਸਮਝਣ ਦਾ ਯਤਨ ਕੀਤਾ ਤੇ ਇਸ ਨੂੰ ਵੱਖ-ਵੱਖ ਅਨੁਸ਼ਾਸਨਾਂ ਨਾਲ਼ ਜੋੜ ਕੇ ਦੇਖਣ ਦੀ ਬਜਾਏ ਇਸ ਨੂੰ ਜੀਵਨ ਦੇ ਸਮੁੱਚ ਦੇ ਤੌਰ 'ਤੇ ਸਮਝਣਾ ਚਾਹਿਆ। ਉਸ ਨੇ

ਸਭਿਆਚਾਰ ਦੇ ਪ੍ਰਚਲਿੱਤ ਅਰਥਾਂ ਜੋ ਇਸ ਨੂੰ ਵਰਗ ਨਾਲ਼ ਜੋੜਦੇ ਸੀ ਦਾ ਖੰਡਨ ਕਰਕੇ ਇਸ ਨੂੰ "ਸਮੂਹਕ ਲੋਕਤੰਤਰੀ ਸੰਸਥਾ ਮੰਨਿਆ, ਜਿਸ ਤੋਂ ਉਸ ਦਾ ਭਾਵ ਟਰੇਡ ਯੂਨੀਅਨ ਸਹਿਕਾਰੀ (ਮਜ਼ਦੂਰ ਸੰਘ) ਅਤੇ ਰਾਜਨੀਤਕ ਪਾਰਟੀ ਸੀ"[13] ਸਭਿਆਚਾਰ ਨੂੰ ਭਾਵੇਂ ਵੱਖ-ਵੱਖ ਅਨੁਸ਼ਾਸਨਾਂ ਤੇ ਵਰਗਾਂ ਨਾਲ਼ ਜੋੜ ਕੇ ਦੇਖਿਆ ਜਾ ਸਕਦਾ ਹੈ ਪਰ ਇਸ ਦੇ ਗੰਭੀਰ ਤੇ ਸਹੀ ਅਰਥਾਂ ਦੀ ਪ੍ਰਾਪਤੀ ਲਈ ਇਸ ਨੂੰ 'ਜੀਵਨ ਦੇ ਸੰਪੂਰਨ ਢੰਗ' ਵਜੋਂ ਸਮਝਣਾ ਵਧੇਰੇ ਵਾਜਬ ਹੋਵੇਗਾ।

ਰੇਮੰਡ ਵਿਲੀਅਮ ਨੇ ਸਾਹਿਤ ਤੇ ਸਭਿਆਚਾਰ ਦੇ ਅਧਿਐਨ ਲਈ ਮਾਰਕਸ ਦੇ ਆਰਥਿਕ ਅਧਾਰ ਦੇ ਮਾਡਲ ਨੂੰ ਰੱਦ ਕੀਤਾ। ਉਸ ਦੇ ਅਨੁਸਾਰ ਅਧਾਰ ਤੇ ਉਸਾਰ ਦੇ ਅਧਿਐਨ ਤੋਂ ਵਧੇਰੇ ਜ਼ਰੂਰੀ ਉਨ੍ਹਾਂ ਪ੍ਰਕਿਰਿਆਵਾਂ ਦਾ ਅਧਿਐਨ ਹੈ ਜੋ ਇਨ੍ਹਾਂ ਨੂੰ ਏਕੀਕ੍ਰਿਤ ਕਰਦੇ ਹੋਏ ਇਤਿਹਾਸ ਤੇ ਸਭਿਆਚਾਰ ਦੀ ਉਸਾਰੀ ਕਰਦੀਆਂ ਹਨ। ਉਸ ਨੇ ਇਤਿਹਾਸਕ ਭੌਤਿਕਵਾਦ/ਪਦਾਰਥਵਾਦ ਦੇ ਮਾਡਲ ਦੇ ਅਧਾਰ 'ਤੇ 'ਸਭਿਆਚਾਰਕ ਭੌਤਿਕਵਾਦ/ ਪਦਾਰਥਵਾਦ' ਅਧਿਐਨ ਤੇ 'ਜ਼ੋਰ ਦਿੱਤਾ। "ਸਭਿਆਚਾਰਕ ਪਦਾਰਥਵਾਦ ਇਕ ਉਤਪਾਦਨ ਪ੍ਰਕਿਰਿਆ ਦੇ ਰੂਪ ਵਿਚ ਅਤੇ 'ਕਲਾਵਾਂ' ਦੇ ਖ਼ਾਸ ਅਭਿਆਸਾਂ ਦੇ ਉਤਪਾਦਨ ਦੇ ਪਦਾਰਥਕ ਸਾਧਨਾਂ ਦੀ ਸਮਾਜਿਕ ਵਰਤੋਂ ਵਜੋਂ ਸਭਿਆਚਾਰ ਦਾ ਸਿਧਾਂਤ ਹੈ।"[14] ਉਸ ਦਾ ਮੰਨਣਾ ਸੀ ਕਿ ਸਭਿਆਚਾਰ ਵੀ ਭੌਤਿਕ ਉਤਪਾਦਨ ਦਾ ਹੀ ਇਕ ਰੂਪ ਹੈ। ਸਭਿਆਚਾਰ ਸਮਾਜਿਕ ਸੰਰਚਨਾ ਦਾ ਇਕ ਅਹਿਮ ਤੱਤ ਹੈ। ਇਹ ਸਮਾਜਿਕ ਵਿਵਸਥਾ ਨੂੰ ਸਿਰਫ਼ ਪ੍ਰਤੀਬਿੰਬਤ ਹੀ ਨਹੀਂ ਕਰਦਾ ਸਗੋਂ ਇਸ ਨੂੰ ਬਣਾਉਂਦਾ ਵੀ ਹੈ। ਸਭਿਆਚਾਰ ਭੌਤਿਕ ਸਮਾਜਿਕ ਗਤੀਵਿਧੀ ਹੈ। ਸਭਿਆਚਾਰ ਦੇ ਅਧਿਐਨ ਵਿਚ ਇਸ ਦੇ ਸਿੱਟੇ ਤੇ ਪ੍ਰਭਾਵਾਂ ਦੀ ਥਾਂ ਇਸ ਦੇ ਉਤਪਾਦਨ ਦੇ ਸਾਧਨਾਂ, ਵਿਵਹਾਰਾਂ ਤੇ ਇਸ ਦੀਆਂ ਇਤਿਹਾਸਕ ਪ੍ਰਕਿਰਿਆਵਾਂ ਨੂੰ ਸਮਝਣਾ ਵਧੇਰੇ ਲਾਜ਼ਮੀ ਹੈ।

ਰਿਚਰਡ ਹੌਗਰਟ ਤੇ ਰੇਮੰਡ ਵਿਲੀਅਮਜ਼ ਦੇ ਵਾਂਗ ਹੀ ਈ.ਪੀ.ਥੌਮਪਸਨ ਨੇ ਸਭਿਆਚਾਰਕ ਅਧਿਐਨ ਦੇ ਸਿਧਾਂਤ ਦੀ ਨੀਂਹ ਰੱਖਣ ਵਿਚ ਮੁੱਢਲਾ ਯੋਗਦਾਨ ਪਾਇਆ ਹੈ। ਉਸ ਦਾ ਮੁੱਖ ਕੰਮ ਉਸ ਦੀ ਪੁਸਤਕ 'The Making of the English Working Class' ਹੈ ਜਿਸ ਦਾ ਕੇਦਰੀ ਨੁਕਤਾ "ਇਤਿਹਾਸ ਨੂੰ ਮੁੜ ਤੋਂ ਵਾਚਣਾ"[15] ਹੈ। ਉਸ ਦਾ ਬੌਧਿਕ ਪ੍ਰੋਜੈਕਟ ਸਭਿਆਚਾਰ ਦੇ ਇਤਿਹਾਸ ਨੂੰ ਮੁੜ ਲਿਖਣਾ ਸੀ ਤਾਂ ਕਿ ਇਤਿਹਾਸ ਵਿਚ ਸਭਿਆਚਾਰ ਦੀ ਨੁਮਾਇੰਦਗੀ ਦੇ ਅਸੰਤੁਲਨ ਨੂੰ ਦੂਰ ਕੀਤਾ ਜਾ ਸਕੇ। ਉਸ ਅਨੁਸਾਰ

ਸਮਾਜਿਕ ਇਤਿਹਾਸ ਮਜ਼ਦੂਰ ਲੋਕਾਂ ਨੂੰ ਛੱਡ ਕੇ ਸਿਰਫ਼ ਕਾਮਯਾਬ ਲੋਕਾਂ ਨੂੰ ਯਾਦ ਰੱਖਦਾ ਹੈ। ਉਸ ਨੇ ਮੰਨਿਆ ਕਿ "ਸਭਿਆਚਾਰ ਨੂੰ ਜੇਤੂਆਂ ਤੇ ਹਾਰਿਆਂ ਹੋਇਆ ਦੇ ਅਨੁਭਵਾਂ ਅਤੇ ਯੋਗਦਾਨਾਂ ਦੁਆਰਾ ਸਮਝਿਆ ਜਾਣਾ ਚਾਹੀਦਾ ਹੈ।"[16] "ਥਾਮਸਨ ਲਈ ਕਲਾਸ ਇਕ ਇਤਿਹਾਸਕ ਵਰਤਾਰਾ ਹੈ ਜੋ ਲੋਕਾਂ ਦੁਆਰਾ ਬਣਾਇਆ ਗਿਆ ਹੈ। ਇਹ ਇਕ ਚੀਜ਼ ਨਹੀਂ ਬਲਕਿ ਸਮਾਜਿਕ ਸੰਬੰਧਾਂ ਅਤੇ ਤਜਰਬਿਆਂ ਦਾ ਸਮੂਹ ਹੈ।"[17] ਉਸ ਅਨੁਸਾਰ 'ਕਲਾਸ' ਨੂੰ ਇਕ ਸਮਾਜਿਕ ਤੇ ਸਭਿਆਚਾਰਕ ਗਠਨ ਦੇ ਤੌਰ 'ਤੇ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਇਹ ਇਕ ਲੰਬੀ ਇਤਿਹਾਸਕ ਪ੍ਰਕਿਰਿਆ ਵਿਚੋਂ ਆਪਣੇ ਆਪ ਨੂੰ ਬਣਾਉਂਦੀ ਹੈ। ਥਾਮਸਨ ਨੇ 'ਸ਼੍ਰੇਣੀ' ਦੇ ਅਧਿਐਨ ਲਈ ਸਭਿਆਚਾਰ ਦੇ ਅਧਿਐਨ ਦੇ ਨਾਲ-ਨਾਲ ਸਮਾਜਿਕ ਆਰਥਿਕ ਸੰਬੰਧਾਂ ਨੂੰ ਵੀ ਅਧਾਰ ਮੰਨਿਆ। ਉਸ ਦੀ ਮਾਰਕਸ ਤੋਂ ਵੱਖਰਤਾ ਸ਼੍ਰੇਣੀ ਨੂੰ ਇਕ ਇਤਿਹਾਸਕ ਵਰਤਾਰਾ ਮੰਨ ਕੇ ਇਸ ਦਾ ਵਿਸ਼ਲੇਸ਼ਣ ਸੀ।

ਥੌਮਸਨ ਨੇ ਸਭਿਆਚਾਰ ਦੇ ਸਿਧਾਂਤ ਨੂੰ ਮਾਰਕਸਵਾਦੀ ਪਰੰਪਰਾ ਵਿਚੋਂ ਹੀ ਵਿਕਸਤ ਕੀਤਾ ਹੈ ਪਰ ਉਸ ਨੇ ਸਭਿਆਚਾਰ ਦੇ ਮਹੱਤਵ ਨੂੰ ਸਥਾਪਿਤ ਕਰਨ ਲਈ ਮਾਰਕਸ ਦੇ ਕੇਂਦਰੀ ਸੰਕਲਪ 'ਨੀਂਹ ਤੇ ਉਸਾਰ'ਦਾ ਵਿਰੋਧ ਕੀਤਾ ਅਤੇ ਆਰਥਿਕ ਅਧਾਰਾਂ ਦੀ ਸਿੱਧੀ ਧਾਰਨਾ ਨੂੰ ਨਕਾਰਿਆ। ਉਸ ਨੇ 'ਜੀਵੰਤ ਸਭਿਆਚਾਰ' ਅਤੇ 'ਵਿਅਕਤੀਗਤ ਅਨੁਭਵਾਂ' 'ਤੇ ਜ਼ੋਰ ਦਿੰਦੇ ਹੋਏ ਮੁੱਢਲੇ ਮਨੁੱਖਤਾਵਾਦ ਦੀ ਭਾਵਨਾ ਨੂੰ ਬਣਾਈ ਰੱਖਿਆ। ਥੌਮਸਨ ਕਿਸੇ ਵਰਗ ਵਿਸ਼ੇਸ਼ ਦੇ ਦਬਦਬੇ ਨੂੰ ਦੂਰ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਮੰਨਿਆ ਕਿ ਸਭਿਆਚਾਰ ਸਮਾਜਿਕ ਵਰਗ ਵਿਚ ਮੁਕਾਬਲਾ ਕਰਨ ਵਾਲੀਆਂ ਰੁਚੀਆਂ ਤੇ ਤਾਕਤਾਂ ਦੇ ਵਿਚਕਾਰ ਪੈਦਾ ਹੋਏ ਮਤਭੇਦਾਂ ਦੁਆਰਾ ਗਠਿਤ ਹੁੰਦਾ ਹੈ। ਉਸ ਨੇ ਸਭਿਆਚਾਰ ਨੂੰ ਸਮਾਜਿਕ ਸੰਘਰਸ਼ ਨਾਲ਼ ਜੋੜਿਆ। "ਥੌਮਸਨ ਨੇ ਪਾਪੂਲਰ ਸਭਿਆਚਾਰ ਨੂੰ ਪ੍ਰਤੀਰੋਧ ਦੇ ਰੂਪ ਵਜੋਂ ਸਮਝਦਿਆਂ 'ਉੱਚ' ਅਤੇ 'ਸਮੂਹ (mass)' ਦੀ ਕਲਾ ਵਿਚਲੇ ਫਰਕ ਨੂੰ ਮਿਟਾ ਦਿੱਤਾ ਅਤੇ ਨਾਲ਼ ਹੀ ਵਿਲੀਅਮਜ਼ ਦੀ ਸਭਿਆਚਾਰ ਦੀ ਪਰਿਭਾਸ਼ਾ (Whole way of life) ਨੂੰ 'ਸੰਘਰਸ਼ ਦੇ ਸਮੁੱਚੇ ਢੰਗ'(Whole way of Struggle) ਵਜੋਂ ਪਰਿਭਾਸ਼ਤ ਕੀਤਾ।"[18]

ਸਭਿਆਚਾਰਕ ਅਧਿਐਨਾਂ ਨੂੰ ਇਕ ਅਨੁਸ਼ਾਸਨ ਦੇ ਤੌਰ 'ਤੇ ਸਥਾਪਿਤ ਕਰਨ ਵਾਲਾ ਚਿੰਤਕ ਸਟੂਅਰਟ ਹਾਲ ਹੈ। ਉਸ ਨੇ ਆਪਣੇ ਦੋ ਮਹੱਤਵਪੂਰਨ ਲੇਖਾਂ 'Cultural Studies and the Center (1980)' ਅਤੇ 'Cultural Studies : Two Paradigms

(1980) ਵਿਚ CCCS ਦੇ ਸਭਿਆਚਾਰਕ ਅਧਿਐਨਾਂ ਵਿਚ ਪਾਏ ਯੋਗਦਾਨ ਦੇ ਇਤਿਹਾਸਕ ਵੇਰਵੇ ਦਿੱਤੇ ਹਨ। ਹਾਲ ਅਨੁਸਾਰ ਸਭਿਆਚਾਰਕ ਅਧਿਐਨ ਅਸਲ ਵਿਚ 1950 ਵਿਆਂ ਵਿਚ ਇਕ ਵਿਲੱਖਣ ਸਮੱਸਿਆ ਦੇ ਤੌਰ ’ਤੇ ਉਭਰਿਆ। ਇਸ ਸਮੇਂ ਹੌਗਰਟ ਦੀ ਪੁਸਤਕ ‘Use of Literacy’ ਅਤੇ ਵਿਲੀਅਮਜ਼ ਦੀ ਪੁਸਤਕ ‘Culture and Society’ ਸਭਿਆਚਾਰਕ ਅਧਿਐਨਾਂ ਬਾਰੇ ਇਸ ਦੇ ਪਰੰਪਰਾਗਤ ਤਰੀਕਿਆਂ ਦੇ ਵਿਰੋਧ ਵਿਚ ਬਹਿਸ ਛੇੜ ਚੁੱਕੀਆਂ ਸਨ। ਹਾਲ ਅਨੁਸਾਰ ਹੌਗਰਟ, ਵਿਲੀਅਮਜ਼ ਤੇ ਥੌਮਪਸਨ ਦੇ ਸਭਿਆਚਾਰਕ ਅਧਿਐਨ ਦੇ ਕੰਮਾਂ ਨੇ ਸਭਿਆਚਾਰ ਨੂੰ ‘ਜੀਵਤ ਅਨੁਭਵਾਂ’ ਵਜੋਂ ਦੇਖਦੇ ਹੋਏ ਇਸ ਨੂੰ ਸਮਾਜਿਕ ਇਤਿਹਾਸਕ ਪ੍ਰਕਿਰਿਆ ਨਾਲ਼ ਜੋੜਿਆ ਤੇ ਇਸ ਦੇ ਪਰੰਪਰਾਗਤ ਅਰਥਾਂ ਵਿਚ ਬਦਲਾਵ ਲਿਆਂਦਾ। CCCS ਦੇ ਆਪਣੇ ਸਮੇਂ ਦੇ ਦੌਰਾਨ ਹਾਲ ਨੇ ਸਭਿਆਚਾਰਕ ਅਧਿਐਨ ਨੂੰ ਨਸਲੀ ਤੇ ਮੀਡੀਆ ਅਧਿਐਨਾਂ ਨਾਲ਼ ਜੋੜ ਕੇ ਇਸ ਨੂੰ ਇਕ ਅਨੁਸ਼ਾਸਨ ਦੇ ਤੌਰ ’ਤੇ ਸਥਾਪਿਤ ਕੀਤਾ।

ਸਟੂਅਰਟ ਹਾਲ ਤੇ ਵੈਨਲ ਨੇ ਆਪਣੀ ਪੁਸਤਕ ‘ The Popular Arts’ (1967) ਵਿਚ ਅੱਜ ਦੇ ਵਿਸ਼ਾਲ ਪੈਦਾਵਾਰੀ ਸਭਿਆਚਾਰ ਅਤੇ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਦੇ ਸਭਿਆਚਾਰ (ਜਿਸ ਨੂੰ ਵਿਦਵਾਨਾਂ ਨੇ ‘ਜੈਵਿਕ ਸਭਿਆਚਾਰ’ ਦਾ ਨਾਂ ਦਿੱਤਾ ਸੀ) ਦੇ ਵਿਚਕਾਰ ਪਰੰਪਰਾਗਤ ਅੰਤਰ ਨੂੰ ਰੱਦ ਕੀਤਾ। ਹਾਲ ਨੇ ਮੰਨਿਆ ਕਿ ਪੁਰਾਣਾ ਸਭਿਆਚਾਰ ਇਸੇ ਲਈ ਬਦਲਿਆ ਹੈ ਕਿਉਂਕਿ ‘ਜੀਵਨ ਦਾ ਤਰੀਕਾ’ ਬਦਲ ਗਿਆ ਹੈ। ਸਭਿਆਚਾਰ ਦੇ ਬਦਲਣ ਵਿਚ ਉਹ ਬੌਧਿਕ ਤੇ ਹੋਰ ਕਿਸੇ ਵੀ ਤਰ੍ਹਾਂ ਦੇ ਬਦਲਾਵ ਦੇ ਕਾਰਨਾਂ ਦੇ ਨਾਲ਼-ਨਾਲ਼ ਇਤਿਹਾਸਕ ਪ੍ਰਸਥਿਤੀਆਂ ਦੀ ਵਿਸ਼ੇਸ਼ ਭੂਮਿਕਾ ਮੰਨਦਾ ਹੈ। “ਸਭ ਤੋਂ ਮਹੱਤਵਪੂਰਨ ਗੱਲ ਪ੍ਰਭਾਵਸ਼ਾਲੀ ਬਦਲਾਵ ਹਨ, ਜਿੱਥੇ ਪੁਰਾਣੀਆਂ ਸੋਚਾਂ ਦੀਆਂ ਵਿਧਾਵਾਂ ਭੰਗ ਹੋ ਜਾਂਦੀਆਂ ਹਨ, ਪੁਰਾਣੇ ਵਿਵਾਦ ਵਿਸਥਾਪਿਤ ਹੋ ਜਾਂਦੇ ਹਨ ਅਤੇ ਪੁਰਾਣੇ ਤੇ ਨਵੇਂ ਤੱਤ, ਵਿਚਾਰਾਂ ਤੇ ਵਿਸ਼ਿਆਂ ਦੇ ਵੱਖਰੇ ਜੁੱਟਾਂ ਦੇ ਦੁਆਲੇ ਮੁੜ ਸੰਗਠਿਤ ਹੁੰਦੇ ਹਨ। ਸਮੱਸਿਆਵਾਂ (Problematic) ਵਿਚ ਤਬਦੀਲੀਆਂ, ਪੁੱਛੇ ਗਏ ਪ੍ਰਸ਼ਨਾਂ ਦੀ ਪ੍ਰਕਿਰਤੀ, ਉਨ੍ਹਾਂ ਰੂਪਾਂ ਵਿਚ ਜਿਨ੍ਹਾਂ ਵਿਚ ਉਹ ਪ੍ਰਸਤਾਵਿਤ ਹਨ ਅਤੇ ਜਿਸ ਢੰਗ ਨਾਲ਼ ਉਨ੍ਹਾਂ ਦਾ ਉਚਿੱਤ ਜਵਾਬ ਦਿੱਤਾ ਜਾ ਸਕਦਾ ਹੈ, ਨੂੰ ਬਦਲਦਾ ਹੈ। ਅਜਿਹੀਆਂ ਤਬਦੀਲੀਆਂ ਸਿਰਫ਼ ਅੰਦਰੂਨੀ ਬੌਧਿਕ ਕਿਰਤ ਦੇ ਨਤੀਜੇ ਹੀ ਨਹੀਂ ਹਨ, ਬਲਕਿ ਉਸ ਵਰਤਾਰੇ ਦਾ ਸਿੱਟਾ ਹਨ ਜਿਸ ਰਾਹੀਂ ਅਸਲ ਇਤਿਹਾਸਕ ਘਟਨਾਵਾਂ ਅਤੇ ਤਬਦੀਲੀਆਂ ਨੂੰ ਬਿਨਾਂ ਇਸ ਦੇ ਸਹੀ ਹੋਣ ਦੀ

ਗਰੰਟੀ ਦੇ, ਬੁਨਿਆਦੀ ਰੁਝਾਨਾਂ ਅਤੇ ਹੋਂਦ ਦੀਆਂ ਸਥਿਤੀਆਂ ਨਾਲ਼ ਵਿਚਾਰ ਵਿਚ ਨਿਰਧਾਰਤ ਕੀਤਾ ਜਾਂਦਾ ਹੈ। ਇਹ ਵਿਚਾਰ ਅਤੇ ਇਤਿਹਾਸਕ ਯਥਾਰਥ ਵਿਚਕਾਰ ਗੁੰਝਲਦਾਰ ਸੁਮੇਲ ਕਾਰਨ ਹੈ ਜੋ ਵਿਚਾਰ ਦੀਆਂ ਸਮਾਜਿਕ ਸ਼੍ਰੇਣੀਆਂ ਵਿਚੋਂ ਝਲਕਦਾ ਹੈ ਅਤੇ 'ਗਿਆਨ' ਤੇ 'ਸ਼ਕਤੀ' ਦੇ ਵਿਚਕਾਰ ਦਵੰਦ ਚਲਦਾ ਰਹਿੰਦਾ ਹੈ ਜੋ ਸੰਭਾਲਣਯੋਗ ਖੰਡ ਹਨ।"[19] ਸਭਿਆਚਾਰਕ ਬਦਲਾਵ ਵਿਚ ਬੌਧਿਕ ਵਿਚਾਰਾਂ ਤੇ ਇਤਿਹਾਸਕ ਪ੍ਰਸਥਿਤੀ ਦੀ ਭੂਮਿਕਾ ਮਹੱਤਵਪੂਰਨ ਹੈ।

ਸਟੂਅਰਟ ਹਾਲ ਲਈ ਸਭਿਆਚਾਰ ਦਾ ਅਧਿਐਨ ਕਰਨਾ ਕਿਸੇ ਦਿੱਤੇ ਹੋਏ ਸਮੇਂ ਤੇ ਸਮਾਜ ਦੇ ਅੰਦਰ ਮੌਜੂਦ ਸ਼ਕਤੀ ਦੇ ਉਨ੍ਹਾਂ ਸੰਬੰਧਾਂ ਨੂੰ ਉਜਾਗਰ ਕਰਨਾ ਹੈ ਜਿਨ੍ਹਾਂ ਦੁਆਰਾ ਇਹ ਸਮਝਾਇਆ ਜਾ ਸਕੇ ਕਿ ਕਿਵੇਂ ਹਾਸ਼ੀਏ ਦੇ ਅਧੀਨ ਜਾਂ ਅਧੀਨ ਸਮੂਹ, ਪ੍ਰਭਾਵਸ਼ਾਲੀ ਸਮੂਹ ਤੋਂ ਸਭਿਆਚਾਰਕ ਸਥਾਨ ਨੂੰ ਸਰੁੱਖਿਅਤ ਜਾਂ ਜਿੱਤ ਸਕਦੇ ਹਨ ਭਾਵੇਂ ਇਹ ਅਸਥਾਈ ਹੀ ਹੋਵੇ।"[20] ਉਸ ਨੇ ਸਭਿਆਚਾਰ ਨੂੰ ਸਿੱਧੇ ਤੌਰ 'ਤੇ ਰਾਜਨੀਤੀ ਨਾਲ਼ ਜੁੜਿਆ ਮੰਨਿਆ ਹੈ। ਉਸ ਅਨੁਸਾਰ ਸਭਿਆਚਾਰ ਕੋਈ ਅਧਿਐਨ ਕਰਨ ਵਾਲੀ ਚੀਜ਼ ਨਹੀਂ ਹੈ ਸਗੋਂ ਇਹ ਸਮਾਜਿਕ ਕਾਰਵਾਈ ਹੈ ਜਿੱਥੇ ਸ਼ਕਤੀ ਦੇ ਸੰਬੰਧ (Power Relations)ਬਣਦੇ ਹਨ। ਸਭਿਆਚਾਰ ਨੂੰ ਇਕ ਸਥਿਰ ਵਸਤੂ ਮੰਨ ਕੇ ਵਿਸ਼ਾਲ ਸਿਧਾਂਤਾਂ ਨੂੰ ਸਿਰਜਣ ਦੀ ਬਜਾਏ ਇਸ ਨੂੰ ਇਕ ਸਮਾਜਿਕ ਪ੍ਰਕਿਰਿਆ ਦੇ ਰੂਪ ਵਿਚ ਸਮਝਣਾ ਵਧੇਰੇ ਉਚਿਤ ਹੈ ਤਾਂ ਕਿ ਇਸ ਦੇ ਸ਼ਕਤੀ ਦੇ ਸੰਬੰਧਾਂ ਨੂੰ ਸਮਝ ਕੇ ਸੰਘਰਸ਼ ਕੀਤਾ ਜਾ ਸਕੇ। ਹਾਲ ਅਨੁਸਾਰ ਸਭਿਆਚਾਰਕ ਅਸਮਾਨਤਾ ਦਾ ਹੱਲ ਤੇਜ਼ੀ ਨਾਲ਼ ਨਹੀਂ ਕੀਤਾ ਜਾ ਸਕਦਾ, ਇਹ ਲਗਾਤਾਰ ਚੱਲਣ ਵਾਲ਼ਾ ਸੰਘਰਸ਼ ਹੈ।

ਸਟੂਅਰਟ ਹਾਲ ਭਾਵੇਂ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਭਿਆਚਾਰ ਨੂੰ ਸਮਝਣ ਦਾ ਯਤਨ ਕਰਦਾ ਹੈ ਫਿਰ ਵੀ ਉਹ ਮਾਰਕਸ ਨਾਲ਼ ਪੂਰੀ ਤਰ੍ਹਾਂ ਸਹਿਮਤੀ ਨਹੀਂ ਪ੍ਰਗਟਾਉਂਦਾ। ਮਾਰਕਸ ਦੇ ਨੀਂਹ ਅਤੇ ਉਸਾਰ  ਦੇ ਮਾਡਲ 'ਤੇ ਪ੍ਰਸ਼ਨ ਖੜ੍ਹੇ ਕਰਦਾ ਹੈ। ਮਾਰਕਸ ਦਾ ਮੰਨਣਾ ਸੀ ਕਿ ਪੂੰਜੀ (Capital) ਹੀ ਪੂਰੇ ਢਾਂਚੇ ਨੂੰ ਪ੍ਰਭਾਵਿਤ ਕਰਦੀ ਹੈ ਪਰ ਹਾਲ ਦਾ ਮੰਨਣਾ ਹੈ ਕਿ ਅਧਾਰ (Base) ਇਕੱਲੇ ਤੌਰ 'ਤੇ ਆਰਥਿਕਤਾ ਨਹੀਂ ਹੁੰਦਾ ਸਗੋਂ ਸੰਵਿਧਾਨਿਕ ਕਾਰਕਾਂ (ਸਭਿਆਚਾਰਕ, ਸਮਾਜਿਕ, ਰਾਜਨੀਤੀ) ਤੋਂ ਬਣਿਆ ਹੁੰਦਾ ਹੈ। ਇਸ ਸੰਬੰਧੀ ਉਸ ਦਾ ਮਹੱਤਵਪੂਰਨ ਕੰਮ ਬ੍ਰਿਟੇਨ ਦੀ ਰਾਜਨੀਤੀ ਨੂੰ ਸਭਿਆਚਾਰ ਤੇ ਸਮਾਜਿਕ ਕਾਰਕਾਂ ਨਾਲ਼ ਜੋੜ ਕੇ ਦੇਖਣਾ ਹੈ। ਯੁੱਧ ਤੋਂ ਬਾਅਦ ਬ੍ਰਿਟੇਨ ਵਿਚ ਲਗਾਤਾਰ

ਤਿੰਨ ਵਾਰ ਮਾਰਗਰੇਟ ਥੈਚਰ ਦੀ ਸਰਕਾਰ ਬਣਦੀ ਹੈ। ਜਦੋਂ ਕਿ ਉਸ ਦੀਆਂ ਸਾਰੀਆਂ ਨੀਤੀਆਂ ਸੱਜੇ-ਪੱਖੀ ਹਨ ਪਰ ਫਿਰ ਵੀ ਵਧੇਰੇ ਵੋਟ ਬੈਂਕ ਖੱਬੇ-ਪੱਖੀ ਧਿਰ ਵਿਚੋਂ ਹੈ। ਇਨ੍ਹਾਂ ਬਾਜੀ ਪਲਟਣ ਵਾਲ਼ੇ ਕਾਰਕਾਂ ਦੀ ਖੋਜ ਸਟੂਅਰਟ ਹਾਲ ਵੱਲੋਂ ਕੀਤੀ ਗਈ। "ਥੈਚਰ ਸਰਕਾਰਾਂ ਨਾਲ਼ ਜੁੜੀਆਂ ਪ੍ਰਚਲਿੱਤ ਸਭਿਆਚਾਰਕ ਅਤੇ ਵਿਚਾਰਧਾਰਕ ਸ਼ਕਤੀਆਂ ਬਾਰੇ ਵਿਸਥਾਰ ਨਾਲ਼ ਦੱਸਣ ਲਈ ਹਾਲ ਨੇ ਇਕ ਸ਼ਬਦ 'ਥੈਚਰਿਜ਼ਮ' ਬਣਾਇਆ।"[21] ਉਸ ਨੇ ਆਪਣੇ ਅਧਿਐਨ ਤੋਂ ਇਹ ਸਿੱਟਾ ਕੱਢਿਆ ਕਿ ਥੈਚਰ ਸਰਕਾਰ ਨੇ ਯੁੱਧ ਤੋਂ ਬਾਅਦ ਦੀਆਂ ਬਦਲਦੀਆਂ ਸਭਿਆਚਾਰਕ ਸਥਿਤੀਆਂ ਨੂੰ ਸਮਝ ਲਿਆ ਸੀ ਜਦੋਂ ਕਿ 'ਖੱਬੇਪੱਖੀ ਧਿਰ' ਨੇ ਇਸ ਨੂੰ ਅਣਦੇਖਿਆ ਕੀਤਾ। ਇਨ੍ਹਾਂ ਸਥਿਤੀਆਂ ਵਿਚੋਂ ਇਕ ਸਭ ਤੋਂ ਅਹਿਮ ਪਛਾਣ ਦਾ ਮਸਲਾ ਸੀ, ਜਿਸ ਨੂੰ ਥੈਚਰ ਸਰਕਾਰ ਨੇ ਵੋਟ ਬੈਂਕ ਇਕੱਠਾ ਕਰਨ ਲਈ ਵਰਤਿਆ। ਗੋਰੇ ਬੰਦੇ ਅੰਦਰ ਗੋਰੇ ਹੋਣ ਦਾ ਜੋ ਘੁਮੰਡ ਮਾਰਗਰੇਟ ਥੈਚਰ ਨੇ ਆਮ ਬੰਦੇ ਵਿਚ ਭਰਿਆ ਉਹੀ ਘੁਮੰਡ ਵੋਟ ਵਿਚ ਤਬਦੀਲ ਹੋ ਰਿਹਾ ਸੀ। ਹਰ ਇਕ ਸਭਿਆਚਾਰ ਦੀਆਂ ਕੁਝ ਖ਼ਾਸ ਕੀਮਤਾਂ ਹੁੰਦੀਆਂ ਹਨ ਜੋ ਕਿਸੇ ਆਮ ਬੰਦੇ ਨੂੰ ਇਸ ਕਦਰ ਮਜ਼ਬੂਰ ਕਰਦੀਆਂ ਹਨ ਕਿ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਸ ਧਿਰ ਵੱਲ ਭੁਗਤ ਰਿਹਾ ਹੈ। ਜਿਹੜੀ ਧਿਰ ਉਸ ਦੇ ਖ਼ਿਲਾਫ਼ ਹੁੰਦੀ ਹੈ ਉਹ ਉਸ ਵੱਲ ਹੀ ਭੁਗਤ ਜਾਂਦਾ ਹੈ ਇਹੀ ਕੁਝ ਮਾਰਗਟ ਨੇ ਕੀਤਾ ਜੋ ਧਿਰ ਉਸ ਦੀ ਵਿਰੋਧੀ ਸੀ ਉਹੀ ਉਸ ਦੇ ਪੱਖ ਵਿਚ ਭੁਗਤ ਗਈ। ਇਸ ਸੰਬੰਧੀ ਹਾਲ ਦਾ ਵਿਚਾਰ ਹੈ ਕਿ "ਲੋਕ ਥੈਚਰਿਜ਼ਮ ਨੂੰ ਵੋਟ ਨਹੀਂ ਦਿੰਦੇ, ਮੇਰੇ ਅਨੁਸਾਰ ਉਹ ਇਕਰਾਰਨਾਮੇ ਵਿਚ ਵਿਸ਼ਵਾਸ ਰੱਖਦੇ ਹਨ। ਲੋਕ ਆਪਣੇ ਦਿਮਾਗ ਨਾਲ਼ ਇਹ ਨਹੀਂ ਸੋਚਦੇ ਕਿ ਬ੍ਰਿਟੇਨ ਹੁਣ ਇਕ ਸ਼ਾਨਦਾਰ ਆਰਥਿਕ ਸਫ਼ਲਤਾ ਦੀ ਸਿਖਰ 'ਤੇ ਪਹੁੰਚਿਆ ਹੋਇਆ ਹੈ। ਕੋਈ ਨਹੀਂ ਮੰਨਦਾ ਕਿ 3 ਲੱਖ ਮਿਲੀਅਨ ਬੇਰੁਜ਼ਗਾਰ ਹਨ। ਇਕ ਵਿਚਾਰਧਾਰਾ ਵਜੋਂ ਥੈਚਰਿਜ਼ਮ ਨੇ ਲੋਕਾਂ ਦੇ ਡਰ, ਚਿੰਤਾਵਾਂ, ਗੁੰਮੀਆਂ ਹੋਈਆਂ ਪਛਾਣਾਂ ਦੇ ਹੱਲ ਦੀ ਵਿਆਖਿਆ ਕੀਤੀ। ਇਹ ਸਾਨੂੰ ਚਿੱਤਰਾਂ/ਬਿੰਬਾਂ ਵਿਚ ਰਾਜਨੀਤੀ ਬਾਰੇ ਸੋਚਣ ਨੂੰ ਆਕਰਸ਼ਿਤ ਕਰਦੀ ਹੈ। ਇਸ ਨੇ ਸਾਡੀ ਸਮੂਹਕ ਕਲਪਨਾ ਨੂੰ ਸੰਬੋਧਤ ਹੁੰਦੇ ਹੋਏ ਬ੍ਰਿਟੇਨ ਨੂੰ ਕਾਲਪਨਿਕ ਕਮਿਊਨਿਟੀ ਤੇ ਸਮਾਜਿਕ ਕਲਪਨਾ ਵਜੋਂ ਉਭਾਰਿਆ। ਸ੍ਰੀਮਤੀ ਥੈਚਰ ਨੇ ਉਸ ਮੁਹਾਵਰੇ 'ਤੇ ਪੂਰੀ ਤਰ੍ਹਾਂ ਦਬਦਬਾ ਬਣਾ ਲਿਆ ਜਦੋਂ ਕਿ ਖੱਬੇਪੱਖੀ ਧਿਰ ਨੇ ਗੱਲਬਾਤ ਨੂੰ 'ਸਾਡੀਆਂ ਨੀਤੀਆਂ' ਦੇ ਦੁਆਲੇ ਖਿੱਚਣ ਦੀ ਕੋਸ਼ਿਸ਼ ਕੀਤੀ।"[22] ਸਟੂਅਰਟ ਹਾਲ ਦਾ ਕਾਰਜ ਇਸ

ਕਰਕੇ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਉਸ ਨੇ ਪਹਿਲੀ ਵਾਰ ਰਾਜਨੀਤੀ, ਇਤਿਹਾਸ ਤੇ ਸਭਿਆਚਾਰ ਨੂੰ ਇਕੱਠਾ ਕਰਕੇ ਸਮਝਣ ਦਾ ਯਤਨ ਕੀਤਾ।

ਸਭਿਆਚਾਰਕ ਅਧਿਐਨਾਂ ਵਿਚ ਗ੍ਰਾਮਸ਼ੀ ਦਾ ਕੰਮ ਬਹੁਤ ਲੰਬੇ ਸਮੇਂ ਤੱਕ ਦਿਸ਼ਾ ਨਿਰਦੇਸ਼ਕ ਦੇ ਤੌਰ 'ਤੇ ਕੰਮ ਕਰਦਾ ਰਿਹਾ ਹੈ। ਸਭਿਆਚਾਰਕ ਅਧਿਐਨਾਂ ਨੂੰ ਇਕ ਸਿਧਾਂਤਕ ਪਹੁੰਚ ਵਿਚ ਬਦਲਣ ਲਈ ਸਟੂਅਰਟ ਹਾਲ ਦੇ ਕੀਤੇ ਚਿੰਤਨ ਪਿੱਛੇ ਗ੍ਰਾਮਸ਼ੀ ਦੀ ਸਭਿਆਚਾਰਕ ਪਹੁੰਚ ਵੀ ਕਾਰਜਸ਼ੀਲ ਹੈ। ਗ੍ਰਾਮਸ਼ੀ ਨੇ ਕਿਸੇ ਸਮਾਜ ਦੇ ਢਾਂਚੇ ਤੇ ਇਤਿਹਾਸ ਨੂੰ ਸਮਝਣ ਲਈ ਸਭਿਆਚਾਰ ਨੂੰ ਮਹੱਤਵਪੂਰਨ ਤੱਤ ਵਜੋਂ ਪਰਿਭਾਸ਼ਤ ਕੀਤਾ। ਉਸ ਅਨੁਸਾਰ "ਸਭਿਆਚਾਰ ਉਨ੍ਹਾਂ ਸਭ ਤੋਂ ਮਹੱਤਵਪੂਰਨ ਥਾਵਾਂ ਵਿਚੋਂ ਇਕ ਹੈ ਜਿੱਥੇ ਅਧਿਕਾਰ ਲਈ ਸੰਘਰਸ਼ ਹੁੰਦਾ ਹੈ ਅਤੇ ਇਹ ਜਨ ਸਧਾਰਨ ਸਭਿਆਚਾਰ ਦਾ ਕਾਰਜ ਖੇਤਰ ਹੈ ਜਿੱਥੇ 'ਨੈਤਿਕ ਅਤੇ ਬੌਧਿਕ' ਅਗਵਾਈ ਦੇ ਮੁੱਦੇ ਹੱਲ ਕੀਤੇ ਜਾਂਦੇ ਹਨ।"[23] ਗ੍ਰਾਮਸ਼ੀ ਦਾ ਮੰਨਣਾ ਹੈ ਕਿ ਅਧਿਕਾਰ ਪ੍ਰਾਪਤ ਕਰਨ ਜਾਂ ਸੱਤਾ ਤੇ ਕਾਬਜ਼ ਹੋਣ ਲਈ ਕਿਸੇ ਧਿਰ ਲਈ ਰਾਜ ਸੱਤਾ ਦੇ ਸਾਧਨਾਂ ਦੀ ਵਰਤੋਂ ਹੀ ਕਾਫ਼ੀ ਨਹੀਂ ਸਗੋਂ ਸਭਿਆਚਾਰਕ ਸਹਿਮਤੀ ਸਿਰਜਣੀ ਵੀ ਅਹਿਮ ਨੁਕਤਾ ਹੈ ਅਤੇ ਇਹ ਕੰਮ ਵਿਚਾਰਧਾਰਾ ਦੁਆਰਾ ਸੰਭਵ ਹੈ। ਮਜ਼ਦੂਰ ਜਮਾਤ ਨਾਲ਼ ਸਮਝੌਤੇ 'ਤੇ ਗੱਲਬਾਤ ਰਾਹੀਂ ਸਹਿਮਤੀ ਸਿਰਜੀ ਜਾਂਦੀ ਹੈ ਕਿਉਂਕਿ ਵਿਚਾਰ, ਕਦਰਾਂ-ਕੀਮਤਾਂ ਤੇ ਵਿਸ਼ਵਾਸ ਉਪਰੋਂ ਥੋਪੇ ਨਹੀਂ ਜਾ ਸਕਦੇ ਨਾ ਹੀ ਇਹ ਸੁਤੰਤਰ ਰੂਪ ਵਿਚ ਪੈਦਾ ਹੁੰਦੇ ਹਨ। ਇਹ ਵੱਖ-ਵੱਖ ਵਰਗਾਂ ਦੇ ਆਪਸੀ ਮੁਕਾਬਲੇ ਤੇ ਟਕਰਾਅ ਵਿਚੋਂ ਉਭਰਦੇ ਹਨ। ਵਧੇਰੇ ਤਾਕਤਵਰ ਸੱਤਾਧਾਰੀ ਧਿਰ ਦੁਆਰਾ ਕਮਜ਼ੋਰ ਧਿਰਾਂ 'ਤੇ ਗਲਬਾ (ਸਭਿਆਚਾਰਕ ਰੂਪ ਵਿਚ) ਪਾਇਆ ਜਾਂਦਾ ਹੈ। ਇਸੇ ਨੂੰ ਗ੍ਰਾਮਸ਼ੀ ਨੇ 'ਸਿਰਦਾਰੀ' (Hegemony) ਦਾ ਸੰਕਲਪ ਮੰਨਿਆ ਹੈ। "ਸਿਰਦਾਰੀ' ਇਕ ਅਸਥਾਈ ਬੰਦੋਬਸਤ ਹੈ ਅਤੇ ਸਮਾਜਿਕ ਸਮੂਹਾਂ ਵਿਚਕਾਰ ਗਠਜੋੜ ਦੀ ਲੜੀ ਹੈ ਜੋ ਦਿੱਤੀ ਨਹੀਂ ਜਾਂਦੀ ਸਗੋਂ ਜਿੱਤੀ ਜਾਂਦੀ ਹੈ।"[24] 'ਸਿਰਦਾਰੀ' ਦਾ ਕੰਮ ਸਭਿਆਚਾਰ ਵਿਚ "ਵਿਚਾਰਧਾਰਾ' ਨੂੰ ਇਕ ਵਿਸ਼ਵ ਦ੍ਰਿਸ਼ਟੀਕੋਣ ਦੇ ਰੂਪ ਵਿਚ ਤਬਦੀਲ ਕਰਨਾ ਹੁੰਦਾ ਹੈ ਜਿਸ ਨੂੰ ਸੱਤਾਧਾਰੀ ਧਿਰ ਤੋਂ ਲੈ ਕੇ ਸ਼ੋਸ਼ਿਤ ਧਿਰ ਦੁਆਰਾ 'ਆਮ' ਤੇ 'ਕੁਦਰਤੀ' ਸਮਝਿਆ ਜਾਂਦਾ ਹੈ।"[25] Hegemony ਦੇ ਇਸ ਕਾਰਜ ਵਿਚ ਪਹਿਲਾਂ ਧਰਮ ਤੇ ਸਭਿਆਚਾਰਕ ਸੰਸਥਾਵਾਂ ਦੀ ਭੂਮਿਕਾ ਅਹਿਮ ਸੀ ਪਰ ਮੌਜੂਦਾ ਦੌਰ ਵਿਚ ਇਹ ਕੰਮ 'ਮਾਸ ਮੀਡੀਆ' ਦੁਆਰਾ ਕੀਤਾ ਜਾਂਦਾ ਹੈ। ਗ੍ਰਾਮਸ਼ੀ ਦਾ ਮੰਨਣਾ ਹੈ ਕਿ 'ਸਿਰਦਾਰੀ' ਅਸਥਾਈ ਹੈ ਇਸ ਨੂੰ ਮੁੜ ਜਿੱਤਿਆ

ਜਾਂ ਸੰਗਠਿਤ ਕੀਤਾ ਜਾ ਸਕਦਾ ਹੈ। ਇਸ ਲਈ ਸਭਿਆਚਾਰ ਇਕ ਪਿੜ ਦੀ ਭੂਮਿਕਾ ਨਿਭਾਉਂਦਾ ਹੈ ਜਿੱਥੇ 'ਪ੍ਰਭੂਸੱਤਾ' ਨੂੰ ਮੁੜ ਸੰਗਠਿਤ ਕੀਤਾ ਜਾਂਦਾ ਹੈ। ਜੇਕਰ ਮਜ਼ਦੂਰ ਜਮਾਤ ਰਾਜ ਸੱਤਾ ਦੀ ਪ੍ਰਾਪਤੀ ਕਰਨਾ ਚਾਹੁੰਦੀ ਹੈ ਤਾਂ ਗ੍ਰਾਮਸ਼ੀ ਅਨੁਸਾਰ "ਇਸ ਤਰ੍ਹਾਂ ਦੀ ਵਿਰੋਧੀ ਜੱਦੋਜਹਿਦ ਲਈ ਰਾਜ ਸੱਤਾ 'ਤੇ ਕੋਈ ਵੀ ਯਤਨ ਕਰਨ ਤੋਂ ਪਹਿਲਾਂ ਸਿਵਲ ਸੁਸਾਇਟੀ (ਪਰਿਵਾਰ, ਸਮਾਜਿਕ ਕਲੱਬਾਂ, ਪ੍ਰੈਸ, ਮਨੋਰੰਜਨ ਦੀਆਂ ਗਤੀਵਿਧੀਆਂ ਸਮੇਤ ਰਸਮੀ ਰਾਜ ਦੀਆਂ ਹੱਦਾਂ ਤੋਂ ਬਾਹਰ ਦੀਆਂ ਮਾਨਤਾਵਾਂ) ਦੇ ਅੰਦਰ ਪ੍ਰਭੂਤਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ।"[26] ਸਿਵਲ ਸੁਸਾਇਟੀ ਦੀਆਂ ਸੰਸਥਾਵਾਂ ਨਾਲ਼ ਵਿਚਾਰਧਾਰਕ ਸਾਂਝ ਰਾਜ ਸੱਤਾ ਦੀ ਪ੍ਰਾਪਤੀ ਲਈ ਅਹਿਮ ਤੱਤ ਹੈ।

ਮਾਰਕਸ ਦਾ ਮੰਨਣਾ ਸੀ ਕਿ ਕ੍ਰਾਂਤੀ ਅਟੱਲ ਹੈ ਪਰ ਇਸ ਲਈ ਸਹੀ ਆਰਥਿਕ ਸਥਿਤੀ ਸਥਾਪਤ ਹੋਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਪਰ ਇਸ ਮੁੱਦੇ ਤੇ ਗ੍ਰਾਮਸ਼ੀ ਨੇ ਸਵਾਲ ਖੜੇ ਕੀਤੇ ਤੇ ਕਿਹਾ ਕਿ ਕ੍ਰਾਂਤੀ ਲਈ ਸਿਰਫ਼ ਆਰਥਿਕ ਸਥਿਤੀ ਹੀ ਨਹੀਂ ਸਗੋਂ ਸਮਾਜਿਕ ਤੇ ਰਾਜਨੀਤਕ ਕਾਰਕਾਂ ਦੀ ਵੀ ਓਨੀ ਹੀ ਭੂਮਿਕਾ ਹੈ ਜਿੰਨੀ ਕਿ ਆਰਥਿਕਤਾ ਦੀ। ਕ੍ਰਾਂਤੀ ਲਈ ਉਸ ਨੇ ਸਭਿਆਚਾਰ, ਵਿਚਾਰਧਾਰਾ ਤੇ ਬੁੱਧੀਜੀਵੀਆਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਰਾਜ ਆਪਣੀ ਸੱਤਾ ਦੀ ਮਜ਼ਬੂਤੀ ਲਈ ਸਿਵਲ ਸਮਾਜ 'ਤੇ ਹਮਲਾ ਕਰਦਾ ਹੈ ਅਤੇ ਇਸ ਦੀਆਂ ਏਜੰਸੀਆਂ ਜਿਵੇਂ 'ਚਰਚ' ਤੇ 'ਟਰੇਡ ਯੂਨੀਅਨਾਂ' ਨੂੰ ਆਪਣੇ ਵਿਚਾਰਧਾਰਕ ਦਬਦਬੇ ਲਈ ਪ੍ਰਚਾਰਕ ਦੇ ਤੌਰ 'ਤੇ ਵਰਤਦਾ ਹੈ। ਇਸ ਪ੍ਰਕਾਰ ਮਜ਼ਦੂਰ ਵਰਗ ਨੂੰ ਸੱਤਾ ਤੇ ਕਾਬਜ਼ ਹੋਣ ਲਈ ਪਹਿਲਾਂ ਸਿਵਲ ਸਮਾਜ ਵਿਚ ਆਪਣਾ ਪ੍ਰਭਾਵ ਸਿਰਜਣਾ ਪਵੇਗਾ। ਗ੍ਰਾਮਸ਼ੀ ਦੀ ਇਸੇ ਪਹੁੰਚ ਨੂੰ ਅਧਾਰ ਬਣਾ ਕੇ ਸਟੂਅਰਟ ਹਾਲ ਨੇ ਸਭਿਆਚਾਰਕ ਤੇ ਸਮਾਜਿਕ ਕਾਰਕਾਂ ਨੂੰ ਅਧਾਰ ਬਣਾ ਕੇ ਬ੍ਰਿਟੇਨ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕੀਤਾ ਤੇ ਇਸ ਵਿਚ ਸਭਿਆਚਾਰ ਦੀ ਭੂਮਿਕਾ ਸੰਬੰਧੀ ਅਹਿਮ ਤੱਤ ਉਭਾਰੇ।

1980 ਦੇ ਦਹਾਕੇ ਵਿਚ ਬ੍ਰਿਟੇਨ ਦੀ ਸਭਿਆਚਾਰਕ ਪਹੁੰਚ ਕਈ ਸਵਾਲਾਂ ਦੇ ਘੇਰੇ ਵਿਚ ਆ ਗਈ। ਸਭਿਆਚਾਰਕ ਅਧਿਐਨ ਦੀ ਇਸ ਪਹੁੰਚ ਦੀ ਮਾਰਕਸਵਾਦੀ ਦ੍ਰਿਸ਼ਟੀ ਕਾਰਨ ਆਲੋਚਨਾ ਹੋਈ। ਮਾਰਕਸਵਾਦ ਨੇ ਸਭਿਆਚਾਰਕ ਅਧਿਐਨਾਂ ਨੂੰ ਦੋ ਵਿਸ਼ੇਸ਼ ਤਰੀਕਿਆਂ ਨਾਲ਼ ਪ੍ਰਭਾਵਿਤ ਕੀਤਾ ਹੈ। "**ਪਹਿਲਾ**, ਸਭਿਆਚਾਰਕ ਅਧਿਐਨ ਦੀ ਧਾਰਨਾ ਕਿ 'ਉਦਯੋਗਿਕ ਪੂੰਜੀਵਾਦੀ ਸਮਾਜਾਂ ਨੂੰ ਵਰਗ, ਲਿੰਗ ਤੇ ਨਸਲ ਦੇ ਅਧਾਰ ਤੇ ਨਾ-ਬਰਾਬਰ ਹਿੱਸਿਆਂ ਵਿਚ ਵੰਡਿਆ ਗਿਆ ਹੈ,' ਮਾਰਕਸਵਾਦੀ ਮਾਡਲ ਤੋਂ ਲਈ ਗਈ ਹੈ। ਪਰ

ਸਭਿਆਚਾਰਕ ਅਧਿਐਨ ਅੱਗੇ ਇਹ ਦਾਅਵਾ ਕਰਦੇ ਹਨ ਕਿ ਸਭਿਆਚਾਰ ਮੁੱਖ ਅਖਾੜਾ ਹੈ ਜਿੱਥੇ ਇਸ ਵੰਡ ਦੀ ਸਥਾਪਨਾ ਕੀਤੀ ਗਈ ਹੈ ਅਤੇ ਲੜਾਈ ਲੜੀ ਗਈ ਹੈ, ਜਿੱਥੇ ਅਧੀਨ ਅਤੇ ਹਾਸ਼ੀਏ ਵਾਲ਼ੇ ਸਮੂਹ ਅਰਥਾਂ ਦੇ ਲਾਗੂ ਹੋਣ ਦਾ ਵਿਰੋਧ ਕਰਦੇ ਹਨ, ਜੋ ਪ੍ਰਭਾਵਸ਼ਾਲੀ ਸਮੂਹਾਂ ਦੇ ਹਿੱਤਾਂ ਨੂੰ ਦਰਸਾਉਂਦੇ ਹਨ। **ਦੂਸਰਾ**, ਸਭਿਆਚਾਰਕ ਅਧਿਐਨ ਇਤਿਹਾਸ ਦੇ ਮਾਰਕਸਵਾਦੀ ਪਦਾਰਥਵਾਦੀ ਧਾਰਨਾ ਨੂੰ ਸਵੀਕਾਰਦੇ ਤੇ ਅਪਣਾਉਂਦੇ ਹਨ। ਯਕੀਨਨ ਸਭਿਆਚਾਰਕ ਅਧਿਐਨ ਸਮਾਜਿਕ ਢਾਂਚਿਆਂ ਦੇ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਕਿਵੇਂ ਸਭਿਆਚਾਰਕ ਤਾਕਤਾਂ ਨੇ ਉਨ੍ਹਾਂ ਨੂੰ ਇਕ ਇਤਿਹਾਸਕ ਰੂਪ ਦਿੱਤਾ ਹੈ। ਸਭਿਆਚਾਰ ਮਹੱਤਵਪੂਰਨ ਹੋਣ ਦਾ ਕਾਰਨ ਇਹ ਹੈ ਕਿ ਇਹ ਇਤਿਹਾਸ ਦੇ ਨਾਲ਼ ਨਾਲ਼ ਸਮਾਜਿਕ ਢਾਂਚੇ ਨੂੰ ਅਕਾਰ ਦਿੰਦਾ ਹੈ। ਇਸ ਲਈ ਸਭਿਆਚਾਰਕ ਅਧਿਐਨ ਇਤਿਹਾਸ ਅਤੇ ਸਭਿਆਚਾਰ ਨੂੰ ਵੱਖਰੀਆਂ ਇਕਾਈਆਂ ਵਜੋਂ ਨਹੀਂ ਮੰਨਦੇ। ਹਾਲਾਂਕਿ ਸਮੁੱਚੇ ਤੌਰ 'ਤੇ ਸਭਿਆਚਾਰਕ ਅਧਿਐਨ ਉਸ ਮਾਰਕਸਵਾਦ ਦਾ ਵਿਰੋਧ ਕਰਦਾ ਹੈ ਜੋ ਇਤਿਹਾਸ ਅਤੇ ਆਰਥਿਕਤਾ ਨੂੰ ਸਥਿਰ ਨਿਰਧਾਰਿਤ ਮੰਨਦਾ ਹੈ।"[27]

ਮਾਨਵ ਵਿਗਿਆਨ ਨੇ ਸਭਿਆਚਾਰਕ ਅਧਿਐਨ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਜਿਸ ਨਾਲ਼ ਸਭਿਆਚਾਰ ਦੀ ਸਿਰਫ਼ ਭੌਤਿਕ ਪੱਖ ਤੱਕ ਸੀਮਤ ਕਰਦੀ ਸੌੜੀ ਪਰਿਭਾਸ਼ਾ ਨੂੰ ਵਿਸ਼ਾਲ ਚੌਖਟਾ ਮਿਲਿਆ। ਮਾਨਵ ਵਿਗਿਆਨ ਨੇ ਸਭਿਆਚਾਰ ਨੂੰ 'ਉੱਚ ਸਭਿਆਚਾਰ' ਦੇ ਸੰਕਲਪ ਤੋਂ 'ਪਾਪੂਲਰ ਸਭਿਆਚਾਰ' ਤੱਕ ਪਹੁੰਚਾਇਆ। ਅਰਨੋਲਡ ਤੇ ਲੈਵਿਸ ਦੁਆਰਾ ਸਭਿਆਚਾਰ ਦੇ ਸੰਕਲਪ ਨੂੰ 'ਪੜ੍ਹੇ ਲਿਖੇ ਘੱਟ ਗਿਣਤੀ' ਵਰਗ ਭਾਵ ਪੂੰਜੀਪਤੀ ਵਰਗ ਤੱਕ ਘਟਾ ਕੇ ਦੇਖਣ ਦੀ ਆਲੋਚਨਾ ਕਰਦੇ ਹੋਏ ਰਿਚਰਡ ਹੌਗਰਟ ਨੇ ਪਹਿਲੀ ਵਾਰ ਸਭਿਆਚਾਰ ਨੂੰ ਮਜ਼ਦੂਰ ਜਮਾਤ ਦੀਆਂ ਰੋਜ਼ਮਰ੍ਹਾਂ ਦੀਆਂ ਗਤੀਵਿਧੀਆਂ ਨਾਲ਼ ਜੋੜ ਕੇ ਪਰਿਭਾਸ਼ਤ ਕਰਦਿਆਂ ਸਭਿਆਚਾਰ ਦੇ ਅਧਿਐਨ ਨੂੰ ਸਭਿਆਚਾਰਕ ਅਧਿਐਨ ਤੱਕ ਲਿਆਂਦਾ ਜਿਸ ਨੂੰ ਅੱਗੋਂ ਰੇਮੰਡ ਵਿਲੀਅਮ ਨੇ ਸਭਿਆਚਾਰ ਨੂੰ 'ਸਮੂਹਕ ਲੋਕਤੰਤਰੀ ਸੰਸਥਾ' ਮੰਨਦਿਆਂ ਹੋਇਆ ਵਿਸਥਾਰ ਦਿੱਤਾ। ਰੇਮੰਡ ਵਿਲੀਅਮ ਨੇ ਸਭਿਆਚਾਰ ਨੂੰ 'ਜੀਵਨ ਦੇ ਸੰਪੂਰਨ ਢੰਗ' ਵਜੋਂ ਸਮਝਣ ਦਾ ਵਿਚਾਰ ਦਿੰਦਿਆ ਸਭਿਆਚਾਰ ਨੂੰ ਭੌਤਿਕ ਸਮਾਜਿਕ ਗਤੀਵਿਧੀ ਮੰਨਿਆ। ਮਹਾਨ ਵਿਦਵਾਨਾਂ ਦੁਆਰਾ ਸਭਿਆਚਾਰ ਨੂੰ ਕਿਸੇ ਇਕ ਵਰਗ ਤੱਕ ਸੀਮਿਤ ਰੱਖਣ ਦੇ ਸੌੜੇ ਨੁਕਤੇ ਦੇ ਵਿਰੋਧ ਵਿਚ ਈ.ਪੀ. ਥਾਮਸਨ ਨੇ ਸਭਿਆਚਾਰ ਦੇ ਇਤਿਹਾਸ ਨੂੰ ਮੁੜ ਲਿਖਿਆ ਤਾਂ ਕਿ ਇਤਿਹਾਸ ਵਿਚ ਸਭਿਆਚਾਰ ਦੀ

ਨੁਮਾਇੰਦਗੀ ਦੇ ਅਸੁੰਤਲਨ ਨੂੰ ਦੂਰ ਕੀਤਾ ਜਾ ਸਕੇ। ਇਸੇ ਲਈ ਉਸ ਨੇ ਸਭਿਆਚਾਰ ਨੂੰ ਵਰਗ ਸੰਘਰਸ਼ ਨਾਲ਼ ਜੋੜ ਕੇ ਦੇਖਿਆ ਤੇ ਵਿਲੀਅਮ ਦੀ ਸਭਿਆਚਾਰ ਦੀ ਪਰਿਭਾਸ਼ਾ ਨੂੰ 'ਸਮੁੱਚੇ ਸੰਘਰਸ਼ ਦੇ ਢੰਗ' ਵਜੋਂ ਵਿਸਥਾਰ ਦਿੱਤਾ। ਇਨ੍ਹਾਂ ਚਿੰਤਕਾਂ ਦੇ ਸਭਿਆਚਾਰ ਬਾਰੇ ਅਹਿਮ ਕੰਮਾਂ ਨੇ CCCS ਨੂੰ ਇਕ ਸੰਸਥਾ ਵਜੋਂ ਉਭਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸਟੂਅਰਟ ਹਾਲ ਨੇ ਹੌਗਰਟ, ਵਿਲੀਅਮਜ਼, ਥਾਮਸਨ ਦੇ ਸਭਿਆਚਾਰ ਸੰਬੰਧੀ ਕੰਮਾਂ ਦਾ ਵਿਸ਼ਲੇਸ਼ਣਾਤਮਕ ਬਿਉਰਾ ਆਪਣੇ ਦੋ ਲੇਖਾਂ ਵਿਚ ਦਿੱਤਾ। ਇਨ੍ਹਾਂ ਦੇ ਨਾਲ਼-ਨਾਲ਼ ਪ੍ਰਸਿੱਧ ਇਤਾਲਵੀ ਚਿੰਤਕ ਗ੍ਰਾਮਸ਼ੀ ਦੇ ਸਭਿਆਚਾਰ ਸੰਬੰਧੀ ਵਿਚਾਰਾਂ ਤੇ ਮਾਰਕਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਟੂਅਰਟ ਹਾਲ ਨੇ ਸਭਿਆਚਾਰਕ ਅਧਿਐਨਾਂ ਨੂੰ ਸਿਧਾਂਤਕ ਪਹੁੰਚ ਪ੍ਰਦਾਨ ਕੀਤੀ। ਉਸ ਨੇ ਬ੍ਰਿਟੇਨ ਦੀ ਰਾਜਨੀਤੀ ਦੀ ਸਭਿਆਚਾਰਕ ਪੱਖ ਤੋਂ ਪੜਚੋਲ ਕੀਤੀ ਤੇ ਸਾਰਥਕ ਨਤੀਜੇ ਕੱਢੇ। ਬ੍ਰਿਟੇਨ ਦੀ ਇਸ ਸਭਿਆਚਾਰਕ ਅਧਿਐਨ ਪਰੰਪਰਾ ਤੇ ਮਾਰਕਸੀ ਦ੍ਰਿਸ਼ਟੀ ਦੀ ਧਾਰਨੀ ਹੋਣ ਕਾਰਨ ਕਈ ਤਰ੍ਹਾਂ ਦੇ ਪ੍ਰਸ਼ਨ ਉੱਠੇ। ਨੱਬੇ ਦੇ ਦਹਾਕੇ ਵਿਚ ਸਭਿਆਚਾਰਕ ਅਧਿਐਨ ਬ੍ਰਿਟੇਨ ਦੇ ਘੇਰੇ ਤੋਂ ਨਿਕਲ ਕੇ ਅਮਰੀਕਾ, ਫਰਾਂਸ, ਕੈਨੇਡਾ, ਆਸਟਰੇਲੀਆ ਤੇ ਭਾਰਤ ਵਰਗੇ ਦੇਸ਼ਾਂ ਤੱਕ ਫੈਲ ਗਿਆ। ਇਨ੍ਹਾਂ ਦੇਸ਼ਾਂ ਵਿਚ ਸਭਿਆਚਾਰਕ ਅਧਿਐਨ ਦੇ ਮੁੱਦੇ ਜੋ ਬ੍ਰਿਟੇਨ ਵਿਚ ਵਰਗ ਸੰਘਰਸ਼, ਪਛਾਣ ਦੇ ਪ੍ਰਸ਼ਨਾਂ ਨਾਲ਼ ਸੰਬੰਧਤ ਸੀ, ਬਦਲ ਗਏ।

## ਹਵਾਲੇ ਤੇ ਟਿੱਪਣੀਆਂ

1. Edward .B Tylor, Primitive Culture, Vol.1, p. 1.
2. Andrew Milner, Jeff Browitt, Contemporary Cultural Theory, p. 26.
3. Chris Barkrer, Cultural Studies Theory and Practice, p. 36.
4. Pramod K Nayar, An introduction to Cultural Studies, p. 5.
5. Ziauddin Sardar & Borin Van Loon, Introducing Cultural Studies a Graphic Guide, p. 3.
6. Ibid, p.9.
7. Chris Barker, The Sage Dictionary of Cultural Studies, p. 43.
8. Ibid, p. 42.
9. James Procter, Stuart Hall, p. 36.
10. ਡਾ. ਸਤਿੰਦਰ ਔਲਖ, "ਲੋਕਧਾਰਾ, ਮਾਸ ਕਲਚਰ ਅਤੇ ਪਾਪੂਲਰ ਕਲਚਰ: ਵਿਸ਼ਵੀਕਰਨ ਦੇ ਸੰਦਰਭ ਵਿਚ", ਸਭਿਆਚਾਰ ਪੱਤ੍ਰਿਕਾ, ਅੰਕ-10, ਪੰਨੇ 12-13.

11. Andrew Milner, Jeff Browitt, Contemporary Cultural Theory, p. 33.
12. Raymond Williams, The Long Revolution, p. 12.
13. Andrew Milner, Jeff Browitt, Contemporary Cultural Theory, pp. 33-34.
14. Raymond Williams, Problem in Materialism and Culture: Selected Essay, New Left, P. 242.
15. Chris Barkrer, Cultural Studies theory and practice, p. 39.
16. Ziauddin Sardar & Borin Van Loon, Introducing Cultural Studies a Graphic Guide, p. 33.
17. Chris Barkrer, Cultural Studies Theory and Practice, p. 39.
18. Moyra Haslett, Transitions Marxist Literary and Cultural Theories, p. 136.
19. John Storey (Ed.), What is Cultural Studies? Stuart Hall, 'Cultural Studies: Two Paradigms', p. 31.
20. James Procter, Stuart Hall, p. 2.
21. Ibid, p. 98.
22. Ibid, pp. 97-98.
23. Ziauddin Sardar & Borin Van Loon, Introducing Cultural Studies a Graphic Guide, p. 49.
24. Chris Barkrer, Cultural Studies Theory and Practice, p. 60.
25. Rupert Woodfin & Oscar Zarate, Introducing Marxism, p. 124.
26. Chris Barkrer, Cultural Studies theory and practice, p. 61.
27. Ziauddin Sardar & Borin Van Loon, Introducing Cultural Studies a Graphic Guide, pp. 54-55.